ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨ ਮੱਘਰ ਸੰਨ ੨੦੨੫ Monday, 17 November

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## ਸ੍ਰੀ ਦਸਮ ਗ੍ਰੰਥ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ

–ਸਿੰਘ ਸਾਹਿਬ ਗਿ: ਮੱਲ ਸਿੰਘ (ਗੁਰਪੁਰਵਾਸੀ)

ਸਿੱਖ ਕੌਮ ਦੇ ਕੇਂਦਰੀ ਤੇ ਸਰਬ ਉੱਚ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਦਰ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਮਰਯਾਦਾ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਸੰਪੂਰਨ ਹੋਣ ਤੋਂ ਮਗਰੋਂ ਦੂਸਰੀ ਵਾਰ ਅਰਦਾਸ ਹੁੰਦੀ ਹੈ। ਇਸ ਉਪਰੰਤ ਸਿੰਘ ਸਾਹਿਬ ਜੀ ਦੂਸਰਾ ਹੁਕਮਨਾਮਾ ਲੈਂਦੇ ਹਨ, ਭਾਵ ਪਹਿਲਾ ਹੁਕਮਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਲਿਆ ਜਾਂਦਾ ਹੈ। ਅਤੇ ਦੂਸਰਾ ਹੁਕਮਨਾਮਾ ਆਸਾ ਜੀ ਦੀ ਵਾਰ ਦੇ ਕੀਰਤਨ ਸੰਪੂਰਨ ਹੋਣ ਤੋਂ ਬਾਅਦ ਲਿਆ ਜਾਂਦਾ ਹੈ। ਇਸ ਸਮੇਂ ਸਿੰਘ ਸਾਹਿਬ ਜੀ ਸ਼ੁਰੂ ਵਿਚ ਮੰਗਲ ਕਰਦੇ ਹਨ, ਪਹਿਲਾਂ ਮੂਲ ਮੰਤਰ ਪੜ੍ਹਦੇ ਹਨ। ਫਿਰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਸ੍ਰੀ ਜਾਪੁ ਸਾਹਿਬ ਜੀ ਦਾ ਪਹਿਲਾ ਸ਼ਬਦ–

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤ ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਤਨ ਸੁਮਤਿ ॥ ੧ ॥
(ਸ੍ਰੀ ਦਸਮ ਗ੍ਰੰਥ, ਜਾਪੁ ਸਾਹਿਬ)

ਇਸ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿਚੋਂ ਹੁਕਮਨਾਮੇ ਨਾਲ ਸੰਬੰਧਤ ਇਕ ਸਵੱਈਆ ਪੜ੍ਹਦੇ ਹਨ ਅਤੇ ਫੇਰ ਸੰਬੰਧਤ ਦਿਨ ਦਿਹਾੜੇ ਨਾਲ ਗੁਰਬਾਣੀ ਦਾ ਸ਼ਬਦ ਜਾਂ ਸ੍ਰੀ ਦਸਮ ਗ੍ਰੰਥ ਦੀ ਬਾਣੀ, ਜਾਂ ਫੇਰ ਭਾਈ ਗੁਰਦਾਸ ਸਾਹਿਬ ਜੀ ਦੀ ਰਚਨਾ ਵਾਰਾਂ ਤੇ ਕਬਿੱਤ ਸਵੱਈਏ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਵਿਚੋਂ ਮੰਗਲ ਰੂਪ ਵਿਚ ਪੜਿਆ ਜਾਂਦਾ ਹੈ। ਇਕ ਪੁਰਾਤਨ ਚੱਲੀ ਆ ਰਹੀ ਰਵਾਇਤ ਅਨੁਸਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਦਰ ਸ਼ਹੀਦ ਭਾਈ ਮਨੀ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਚਲਾਈ ਮਰਯਾਦਾ ਅਨੁਸਾਰ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ, ਭਾਈ ਗੁਰਦਾਸ ਦੀ ਦੀਆਂ ਵਾਰਾਂ ਤੇ ਕਬਿੱਤ ਸੂਯੇ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਵਿਚੋਂ ਹੀ ਹੁਕਮਨਾਮਾ ਲੈਣ ਸਮੇਂ ਮੰਗਲ ਰੂਪ ਵਿਚ ਅਤੇ ਕੀਰਤਨ ਕਰਨ ਸਮੇਂ ਪੜ੍ਹੀ ਜਾਂਦੀ ਹੈ। ਇਸ ਤੋਂ ਬਿਨਾਂ ਹੋਰ ਕੋਈ ਇਤਿਹਾਸਕ ਰਚਨਾ ਕੀਰਤਨ ਸਮੇਂ ਨਹੀਂ ਪੜ੍ਹੀ ਜਾ ਸਕਦੀ।ਸ੍ਰੀ ਹਰਿਮੰਦਰ ਸਾਹਿਬ ਅੰਦਰ ਇਹ ਚਾਰ ਹੀ ਪਵਿੱਤਰ ਰਚਨਾਵਾਂ ਪ੍ਰਵਾਨਿਤ ਮੰਨੀਆਂ ਗਈਆਂ ਹਨ।ਚੋਜੀ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸੰਮਤ ੧੭੨੩, ਸੰਨ ੧੬੬੬ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪ੍ਰਕਾਸ਼ ਹੋਇਆ। ਭਾਵ ਅਵਤਾਰ ਧਾਰਿਆ। ਇਸ ਪਵਿੱਤਰ ਗੁਰਪੁਰਬ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਅੰਦਰ ਅੰਮ੍ਰਿਤ ਵੇਲੇ ਦਾ ਦੂਸਰਾ ਹੁਕਮਨਾਮਾ ਲੈਣ ਸਮੇਂ ਸਿੰਘ ਸਾਹਿਬ ਜੀ ਇਹ ਪਾਵਨ ਬਾਣੀ ਮੰਗਲ ਰੂਪ ਵਿਚ ਪੜ੍ਹਦੇ ਹਨ:–

ਤਹੀ ਪ੍ਰਕਾਸ ਹਮਾਰਾ ਭਯੋ ॥
ਪਟਨਾ ਸਾਹਿਬ ਬਿਖੈ ਭਵ ਲਯੋ ॥(ਸ੍ਰੀ ਦਸਮ ਗ੍ਰੰਥ ਸਾਹਿਬ, ਬਚਿਤ੍ਰ ਨਾਟਕ)
ਅਥਵਾ :–ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖਿਅਨਿ ਪਕਰਿ ਪਛਾਰੋ ॥ ੪੨ ॥
ਯਾਹੀ ਕਾਰਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩ ॥
(ਸ੍ਰੀ ਦਸਮ ਗ੍ਰੰਥ ਸਾਹਿਬ, ਬਚਿਤ੍ਰ ਨਾਟਕ)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਦਰ ਗੁਰੂ ਕੇ ਕੀਰਤਨੀਏ ਵੀ ਪ੍ਰਕਾਸ਼ ਗੁਰਪੁਰਬ ਵਾਲੇ ਦਿਨ ਵਧੀਕ ਰੂਪ ਵਿਚ ਦਸਮ ਪਾਤਸ਼ਾਹ ਜੀ ਦੀ ਇਸ ਪਵਿੱਤਰ ਬਾਣੀ ਦਾ ਕੀਰਤਨ ਕਰਦੇ ਹਨ। ਇਕੱਲੇ ਇਥੇ ਹੀ ਨਹੀਂ, ਬਾਕੀ ਹੋਰ ਵੀ ਗੁਰੂ ਕੇ ਇਤਿਹਾਸਕ ਅਸਥਾਨ :

ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਜੀ।
ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ।
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ।
ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਕੀ (ਬਠਿੰਡਾ)।
ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਸਾਹਿਬ ਨਾਂਦੇੜ ਆਦਿ ਇਤਿਹਾਸਕ ਅਸਥਾਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਨਾਲ ਸ੍ਰੀ ਦਸਮ ਗ੍ਰੰਥ ਜੀ ਦੀ ਬਾਣੀ ਦਾ ਇਸ ਪ੍ਰਕਾਸ਼ ਗੁਰਪੁਰਬ ਵਾਲੇ ਦਿਨ ਕਥਾ ਕੀਰਤਨ ਪੁਰਾਤਨ ਸਮੇਂ ਤੋਂ ਹੁੰਦਾ ਆ ਰਿਹਾ ਹੈ।

ਗੁਰੂ ਨਾਨਕ ਦੀ ਰੱਬੀ ਜੋਤ ਜੋ ਦਸ ਸਰੂਪਾਂ ਵਿਚ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪ ਹੋ ਕੇ ਵਰਤਮਾਨ ਅੰਦਰ ਜਗਤ ਜੀਆਂ ਨੂੰ ਸੱਚੀ ਅਤੇ ਰੂਹਾਨੀਅਤ ਦੀ ਸਿੱਖਿਆ ਅਤੇ ਉਪਦੇਸ਼ ਰੂਪ ਵਿਚ ਰੌਸ਼ਨੀ ਬਖ਼ਸ਼ ਰਹੀ ਹੈ। ਪਾਵਨ ਗੁਰਬਾਣੀ ਦੇ ਇਸ ਸਿਧਾਂਤ ਅਨੁਸਾਰ– ਜੋਤ ਓਹਾ ਜੁਗਤ ਸਾਇ ਸਹਿ ਕਾਇਆ ਫੇਰ ਪਲਟੀਐ ॥ਦੇ ਕਥਨ ਮੁਤਾਬਕ ਗੁਰੂ ਨਾਨਕ ਦੀ ਜੋਤ ਪਹਿਲੇ ਸਰੂਪ ਤੋਂ ਨੌਵੇਂ ਸਰੂਪ ਧਾਰਨ ਤੱਕ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰ ਦਾਸ ਅੰਗਦ ਪਹਿਚਾਨਾ ॥
ਅਮਰ ਦਾਸ ਰਾਮ ਦਾਸ ਕਹਾਯੋ ॥
ਸਾਧਨਿ ਲਖਾ ਮੂੜ ਨਹਿ ਪਾਯੋ ॥ ੯ ॥
ਭਿੰਨ ਭਿੰਨ ਸਬਹੂੰ ਕਰਿ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾਂ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥ ਨ ਆਈ ॥ ੧੦ ॥
ਰਾਮਦਾਸ ਹਰਿ ਸੋ ਮਿਲ ਗਏ ।।
ਗੁਰਤਾ ਦੇਤ ਅਰਜੁਨਹਿ ਭਏ ॥
ਜਬ ਅਰਜਨ ਪ੍ਰਭ ਲੋਕ ਸਿਧਾਏ ॥
ਹਰਿਗੋਬਿੰਦ ਤਿਹ ਠਾਂ ਠਹਰਾਏ ॥ ੧੧ ॥
ਹਰਿਗੋਬਿੰਦ ਪ੍ਰਭ ਲੋਕ ਸਿਧਾਰੇ ॥
ਹਰੀ ਰਾਇ ਤਿਹ ਠਾਂ ਬੈਠਾਰੇ ॥
ਹਰੀ ਕ੍ਰਿਸ਼ਨਿ ਤਿਨ ਕੇ ਸੁਤ ਵਏ ॥
ਤਿਨ ਤੇ ਤੇਗ ਬਹਾਦਰ ਭਏ ॥ ੧੨ ॥
(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੫)

ਇਹ ਉਪਰੋਕਤ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਗੁਰੂ ਸਾਹਿਬਾਨਾਂ ਦੇ ਗੁਰਪੁਰਬਾਂ ਸਮੇਂ ਸਿੰਘ ਸਾਹਿਬ ਹੁਕਮਨਾਮਾ ਲੈਣ ਸਮੇਂ ਮੰਗਲ ਰੂਪ ਵਿਚ ਪੜ੍ਹਦੇ ਹਨ ਅਤੇ ਰਾਗੀ ਸਿੰਘ ਇਸ ਦਾ ਕੀਰਤਨ ਵੀ ਕਰਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਇਹ ਪਾਵਨ ਬਾਣੀ ਕੀਰਤਨ ਰੂਪ ਵਿਚ ਗਾਇਨ ਕੀਤੀ ਜਾਂਦੀ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥ ੧੩ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥ ੧੪ ॥
ਦੋਹਰਾ ॥
ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥ ੧੫ ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥ ੧੬ ॥
(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੪ )

ਸ਼ਹੀਦੀ ਗੁਰਪੁਰਬਾਂ ਅਤੇ ਸ਼ਹੀਦੀ ਦਿਹਾੜਿਆਂ ਸਮੇਂ ਇਹ ਬੀਰ ਰਸ ਭਰਪੂਰ ਸ਼ਬਦਾਂ ਦਾ ਕੀਰਤਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰ–ਅਸਥਾਨਾਂ 'ਤੇ ਕੀਤਾ ਜਾਂਦਾ ਹੈ।ਦੋਹਰਾ (ਸ਼ਸਤ੍ਰ ਨਾਮ ਮਾਲਾ ਪਾ: ੧੦)

ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥ ੩ ॥
ਤੀਰ ਤੁਹੀ, ਸੈਹਥੀ ਤੁਹੀ ਤੁਹੀ ਤਬਰ ਤਲਵਾਰ ॥
ਨਾਮ ਤਿਹਾਰੋ ਜੋ ਜਪੈ, ਭਏ ਸਿੰਧ ਭਵ ਪਾਰ ॥ ੪ ॥
ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ ॥
ਤੁਹੀ ਨਿਸ਼ਾਨੀ ਜੀਤ ਕੀ, ਆਜੁ ਤੁਹੀ ਜਗ ਬੀਰ ॥ ੫ ॥
(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੪੭) ਸ੍ਵੈਯਾ (ਚੰਡੀ ਚਰਿਤ੍ਰ)
ਦੇਹਿ ਸਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿੱਖ ਹੋਂ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਅਤਿ ਹੀ ਰਨ ਮੈ ਤਬ ਜੂਝ ਮਰੋਂ ॥੨੩੧ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ ।।
(ਸ੍ਰੀ ਦਸਮ ਗ੍ਰੰਥ ਸਾਹਿਬ, ਪੰਨਾ ੯੯)
ਸਵੈਯਾ ॥
ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ,
ਕਾਤਰਤਾ ਕੁਤਵਾਰ ਬੁਹਾਰੈ ॥
(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੭੦)

ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਬੀਰ ਰਸ ਭਰਪੂਰ ਬਾਣੀ ਦੇ ਬੇਅੰਤ ਸ਼ਬਦ ਹਨ, ਜਿਨ੍ਹਾਂ ਦਾ ਰਾਗੀ ਸਿੰਘ ਕੀਰਤਨ ਕਰਦੇ ਹਨ, ਪਰ ਇਥੇ ਵਿਸਥਾਰ ਦੇ ਡਰ ਕਾਰਨ ਸੰਖੇਪ ਰੂਪ ਵਿਚ ਜ਼ਿਕਰ ਕੀਤਾ ਗਿਆ ਹੈ।

# ਬਾਦਸ਼ਾਹੀ ਦਾ ਅਹਿਸਾਸ

ਸੁਲਤਾਨਪੁਰ ਦੀ ਧਰਤੀ ਨੂੰ ਨਮਸਕਾਰ ਕਰਕੇ ਗੜਗੱਜ ਅਕਾਲੀ ਦੇ ਮਨ 'ਚੋਂ ਮੋਹ ਭਿੱਜੇ ਸ਼ਰਧਾਮਈ ਬੋਲ ਇਕ ਵੇਦਨਾ ਬਣ ਕੇ ਨਿਕਲੇ, ਜਾਣੀ ਸਾਖ਼ਸ਼ਾਤ ਗੁਰੂ ਨਾਨਕ ਪਾਤਸ਼ਾਹ ਜੀ ਦਾ ਜੀਵਨ ਇਤਿਹਾਸ ਅੱਖਾਂ ਸਾਹਵੇਂ ਘੁੰਮ ਗਿਆ ਤੇ ਵਰਤਮਾਨ ਹਾਲਾਤ ਵੀ।

ਆਹ ਮੇਰੇ ਸੱਚੇ ਪਾਤਸ਼ਾਹ ਦੀ ਪਾਵਨ ਚਰਨ-ਛੂਹ ਧਰਤੀ, ਜਿਥੇ ਉਨ੍ਹਾਂ ਜ਼ਿੰਦਗੀ ਦਾ ਕਾਫ਼ੀ ਸਮਾਂ ਗੁਜ਼ਾਰਿਆ, ਗੁਜ਼ਾਰਿਆ ਈ ਨਹੀਂ, ਸਗੋਂ ਹਰ ਦਿਨ ਇੱਕ ਨਵੇਂ ਰੰਗ ਵਿਚ ਰੰਗਿਆ ਗਿਆ। ਇਥੇ ਅਧਿਆਤਮ ਮਾਰਗ ਦੇ ਪਾਂਧੀਆਂ ਨੂੰ ਸਫ਼ਲ ਤੇ ਸਰਲ ਮਾਰਗ 'ਤੇ ਚੱਲਣ ਦੀਆਂ ਜਾਚਾਂ ਸਿਖਾਈਆਂ ਅਤੇ ਇਨ੍ਹਾਂ ਰਮਜ਼ਾਂ ਵਿਚ ਰਾਜਨੀਤਕ, ਸਮਾਜਿਕ, ਆਰਥਿਕ ਤੇ ਬੌਧਿਕ ਵਿਕਾਸ ਦੀ ਜੀਵਨ-ਜੁਗਤ ਵੀ ਸੀ।ਏਥੇ ਸੱਚੇ ਧਰਮ ਦਾ ਤਰਾਜੂ ਤੋਲਦਿਆਂ 'ਤੇਰਾ ਹਾਂ-ਤੇਰਾ ਹਾਂ' ਦੀ ਧੁਨੀ ਇਉਂ ਗੂੰਜ ਉੱਠੀ ਜੋ ਸੁੱਤੀਆ ਸੋਚਾਂ ਨੂੰ ਸੋਚਣ ਲਈ ਮਜਬੂਰ ਕਰ ਗਈ ਤੇ ਅਰਧ ਸੁਚੇਤ ਸੋਚਾਂ ਝੰਜੋੜੀਆਂ ਗਈਆਂ ਕਿ ਹੈਂ, ਇਹ ਕੀ..... ?

ਇਸ ਮੈਂ ਤੇ ਮੇਰ-ਤੇਰ ਦੀ ਦੁਨੀਆਂ 'ਚ ਹਉਂ ਤੇ ਲੋਭ 'ਚ ਜੀਵਨ ਜਿਉਂਦੀ ਲੋਕਾਈ ਦੀ ਐਸੀ ਦੀਰਘ ਦ੍ਰਿਸ਼ਟੀ ਕਿਥੇ ? ਸਗੋਂ ਇਕ ਵਾਰੀ ਤਾਂ ਮੋਦੀਖ਼ਾਨੇ ਦੇ ਵਾਰਸ ਵੀ ਭੁੰਚਲ ਕੇ ਰਹਿ ਗਏ। ਸਮੁੱਚਾ ਮੁਤਾਲਿਆ ਕਰਨ ਤੋਂ ਬਾਅਦ ਸਮਝ ਆਈ ਕਿ ਮੋਦੀਖਾਨਾ ਲੁੱਟਿਆ ਨਹੀਂ ਗਿਆ, ਸਗੋਂ ਭਰਪੂਰ ਐ।ਕੌਣ ਸਮਝਾਵੇ ਕਿ ਜੇ ਤੋਲਣ ਵਾਲਾ ਧਰਮੀ, ਇਨਸਾਫ਼-ਪਸੰਦ ਤੇ ਦਰਦਮੰਦਾਂ ਦਾ ਦਰਦੀ ਹੋਵੇ ਤਾਂ ਮੋਦੀਖ਼ਾਨੇ ਘਟਦੇ ਨਹੀਂ, ਸਗੋਂ ਵਧਦੇ ਨੇ ?ਅਸੀਂ ਸੰਸਾਰੀ ਲੋਕ ਨੇਕ ਕਿਰਤਾਂ ਤੇ ਕਮਾਈਆਂ ਨੂੰ ਤੋਲਣ ਲੱਗਿਆਂ 'ਤੇਰਾ' ਨਹੀਂ ਸਗੋਂ 'ਮੇਰਾ ਮੇਰਾ' ਕਹਿ ਉੱਠਦੇ ਆਂ ਤੇ ਇਹ 'ਮੇਰਾ ਮੇਰਾ' ਈ ਸਭ ਘਾਟਿਆਂ, ਬੇਈਮਾਨੀਆਂ ਤੇ ਮਿਲਾਵਟਾਂ ਨੂੰ ਜਨਮ ਦੇ ਰਿਹਾ ਏ। ਏਹੋ ਈ ਆਮ ਸੰਸਾਰੀਆਂ ਤੇ ਧਰਮੀਆਂ ਦੇ ਤੋਲ ਵਿਚ ਫ਼ਰਕ ਐ ਪਰ ਇਹ ਨੂੰਗਾਮਾਰ ਬਿਰਤੀ ਨਾਲ ਨਹੀਂ ਸਗੋਂ ਸੂਖਸ਼ਮ ਬਿਰਤੀ ਨਾਲ ਸਮਝ ਆਏਗਾ।

'ਮੇਰਾ ਮੇਰਾ' ਕਹਿ ਕੇ ਤਜੌਰੀਆਂ ਤਾਂ ਭਰ ਸਕਦੀਆਂ ਪਰ ਨੀਤਾਂ ਖ਼ਾਲੀ ਤੇ ਸੱਖਣੀਆਂ ਰਹੀਆਂ।ਐਸਾ ਤੋਲਣ ਵਾਲਿਆਂ ਨੂੰ ਮੇਰੇ ਪਾਤਸ਼ਾਹ ਦੀ ਜੀਵਨ ਸਾਖੀ ਵੰਗਾਰ ਰਹੀ ਹੈ, ਉਏ ਭੋਲਿਓ! ਲੋੜਵੰਦਾਂ ਤੇ ਗ਼ਰਜ਼ ਮਾਰਿਆਂ ਨੂੰ ਸਹਾਰਾ ਕੌਣ ਦੇਵੇਗਾ ? ਇਹ ਪਾਪਾਂ ਨਾਲ ਜੋੜਿਆ ਹੋਇਆ, ਜੋ ਮੋਇਆਂ ਦੇ ਸਾਥ ਨਹੀਂ ਜਾਣਾ ਤਾਂ ਇਕ ਵਾਰੀ ਧਰਮੀ ਬਣ ਕੇ ਤੋਲ ਕੇ ਤਾਂ ਦੇਖੋ।

ਏਸੇ ਸੁਲਤਾਨਪੁਰ ਦੀ ਧਰਤੀ 'ਤੇ ਮੇਰੇ ਪਾਤਸ਼ਾਹ ਨੇ ਜ਼ਾਤ-ਪਾਤ ਦੀ ਵਿਤਕਰੇਬਾਜ਼ੀ ਦੇ ਭਰਮਗੜ੍ਹ ਨੂੰ ਤਹਿਸ-ਨਹਿਸ ਕੀਤਾ ਜਦ ਵੇਈਂ ਨਦੀ 'ਚੋਂ ਪ੍ਰਗਟ ਹੋ ਕੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਬੁਲੰਦ ਕੀਤਾ।ਪਰ ਇਸ ਤੋਂ ਪਿਛੋਕੜ 'ਤੇ ਝਾਤੀ ਮਾਰੀਏ ਤਾਂ ਸਿੱਖੀ ਦੇ ਘੜਨਹਾਰੇ ਦੀ ਘਾੜਤ ਦਾ ਪ੍ਰਤੱਖ ਰੂਪ ਨਜ਼ਰ ਆਉਂਦਾ ਏ।ਅੰਮ੍ਰਿਤ ਵੇਲੇ ਜਾਗਣਾ ਤੇ ਵੇਈਂ ਦੇ ਸ਼ਾਂਤ ਪਾਣੀਆਂ 'ਚ ਇਸ਼ਨਾਨ ਕਰਦਿਆਂ ਤਨ ਅਤੇ ਮਨ ਨੂੰ ਪਵਿੱਤਰ ਕਰਨ ਦਾ ਉਪਦੇਸ਼ ਸੰਸਾਰ ਨੂੰ ਦਿੱਤਾ ਅਤੇ ਫਿਰ ਉਸ ਕਰਤੇ ਦੇ ਸਿਮਰਨ 'ਚੋਂ ਇਕ-ਮਿਕ ਹੋਈ ਕਰਤਾਰੀ ਬਿਰਤੀ ਦਾ ਪੈਗ਼ਾਮ ਲੋਕਾਈ ਨੇ ਸੁਣਿਆ। ਤਨ ਮਨ ਕਰਕੇ ਪਵਿੱਤਰ ਹੋਈ ਆਤਮਾ ਹੀ ਐਸੀ ਭਾਵਨਾ ਨੂੰ ਅਨੁਭਵ ਕਰ ਸਕਦੀ ਏ। ਏਥੇ ਸੱਚੇ ਧਰਮ ਦਾ ਪਰਚਮ ਬੁਲੰਦ ਹੋਇਆ।

ਏਥੇ ਮੇਰੇ ਪਾਤਸ਼ਾਹ ਦੀਆਂ ਗੁਹਜ ਭਰਪੂਰ ਰਮਜ਼ਾਂ ਆਮ ਸੰਸਾਰੀਆਂ ਨੂੰ ਅਜੀਬ ਜਿਹੀਆਂ ਜਾਪੀਆਂ।ਇਸ ਜ਼ੁਲਮ ਤੇ ਵਧੀਕੀਆਂ ਦੇ ਮਾਹੌਲ 'ਚ ਸੀਸ ਤਲੀ 'ਤੇ ਧਰ ਕੇ, ਪ੍ਰੇਰਨਾ ਨਾਲ ਸੁੱਤੀਆਂ ਸੋਚਾਂ ਨੂੰ ਝੰਜੋੜਨ ਵਾਲੇ ਜਗਤ ਗੁਰੂ ਦਾ ਪੈਗ਼ਾਮ ਸੀ ਪਰ ਇਹ ਨਿੱਜੀ ਅਕਲ ਦੇ ਪੈਮਾਨਿਆਂ ਨਾਲ ਜੀਵਨ ਜੀਣ ਵਾਲੇ ਲੋਕਾਂ ਦੀ ਸਮਝ ਤੋਂ ਬਾਹਰਾ ਸੀ। ਜਦ ਬਚਕਾਨਾ ਸੋਚਾਂ ਨੇ ਸ਼ੰਕਾ ਉਠਾਇਆ ਕਿ ਇਹ ਕੀ, 'ਨਾ ਕੋਈ ਹਿੰਦੂ ਨਾ ਮੁਸਲਮਾਨ ?ਫਿਰ ਕਿਸ ਦੇ ਰਾਹ ਤੁਰੀਏ ?

ਗੁਰੂ ਜੀ ਨੇ ਏਥੇ ਸਮਝਾਇਆ ਕਿ ਸੱਚ ਦੇ ਰਾਹ, ਪਰਮਾਤਮਾ ਦੇ ਰਾਹ, ਜੋ ਨਾ ਹਿੰਦੂ ਹੈ ਤੇ ਨਾ ਮੁਸਲਮਾਨ ਐਂ।

ਇਹ ਪ੍ਰਸ਼ਨ ਤਾਂ ਅੱਜ ਇੱਕੀਵੀਂ ਸਦੀ 'ਚ ਵੀ ਧਰਮਾਂ, ਜ਼ਾਤਾਂ-ਪਾਤਾਂ ਦੇ ਨਾਉਂ 'ਤੇ ਨਫ਼ਰਤ ਤੇ ਕਤਲੋਗਾਰਤ ਕਰਦੇ ਲੋਕਾਂ ਨੂੰ ਵੰਗਾਰ ਰਿਹਾ ਏ ਕਿ ਆਪਣੀ ਆਤਮਾ ਨੂੰ ਪੁੱਛੋ ਕਿ ਇਕ ਫ਼ਿਰਕੇ ਦਾ ਕਤਲ ਕਰ ਕੇ, ਕਿਹੜੇ ਪਰਮਾਤਮਾ-ਅੱਲਾ-ਰਾਮ ਜਾਂ ਈਸ਼ਵਰ ਨੂੰ ਖ਼ੁਸ਼ ਕਰ ਰਹੇ ਹਨ। ਨਫ਼ਰਤ ਤੇ ਈਰਖਾ 'ਚੋਂ ਧਰਮ ਨਹੀਂ ਸਗੋਂ ਅਧਰਮ ਫੈਲਦਾ ਏ ਤੇ ਫ਼ਲਿਆ ਹੋਇਆ ਅਧਰਮ ਸੱਚੇ ਧਰਮਾਂ ਲਈ ਕਾਲਖ ਤਾਂ ਬਣਦਾ ਈ ਐ ਸਗੋਂ ਇਨਸਾਨੀਅਤ ਨੂੰ ਵੀ ਹੈਵਾਨੀਅਤ 'ਚ ਬਦਲ ਦਿੰਦਾ ਐ।


ਡਾ. ਇੰਦਰਜੀਤ ਸਿੰਘ ਗੋਗੋਆਣੀ

ਵਾਹ ਮੇਰੇ ਪਾਤਸ਼ਾਹ! ਚੌਧਰਾਂ ਤੇ ਕੁਰਸੀਆਂ ਦੀ ਗ਼ੁਲਾਮ ਸੋਚ ਕਦੀ ਵੀ ਇਸ ਗੂੜ੍ਹ ਗਿਆਨ ਫ਼ਲਸਫ਼ੇ ਦੇ ਅਰਥ ਨਹੀਂ ਜਾਣ ਸਕੇਗੀ। ਤੁਸੀਂ ਸਿੱਖ ਧਰਮ ਦੇ ਬਾਨੀ ਹੀ ਨਹੀਂ ਸਗੋਂ ਵਿਸ਼ਵ ਲਈ ਸਰਬ-ਪ੍ਰਵਾਨਿਤ ਧਰਮ ਦੇ ਬਾਨੀ ਹੋ।

ਏਸੇ ਸੁਲਤਾਨਪੁਰ 'ਚ ਚੁੰਧਿਆਈਆਂ ਅੱਖਾਂ ਤੇ ਧੁੰਦਲਾਈਆਂ ਸੋਚਾਂ ਵਾਲੇ ਸ਼ੰਕਿਆਂ ਭਰੇ ਮਨ ਨਾਲ ਕਹਿ ਉੱਠੇ ਕਿ ਜੇ ਹਿੰਦੂ ਮੁਸਲਮਾਨ 'ਚ ਫ਼ਰਕ ਨਹੀਂ ਤਾਂ ਸਾਡੇ ਨਾਲ ਨਮਾਜ਼ ਪੜ੍ਹੋ।ਮੇਰੇ ਪਾਤਸ਼ਾਹ, ਮੁੱਲਾਂ-ਮੁਲਾਣਿਆਂ ਨਾਲ ਮਸੀਤੇ ਨਮਾਜ਼ ਪੜ੍ਹਨ ਚਲੇ ਗਏ ਪਰ ਇਸ ਵਿਖਾਵੇ ਦੀ ਨਮਾਜ਼ 'ਚ ਵਿਖਾਵਾਕਾਰੀ ਉਲਝ ਕੇ ਰਹਿ ਗਏ।ਜਦ ਨਵਾਬ ਦੌਲਤ ਖ਼ਾਂ ਨੇ ਗੁਰੂ ਪਿਤਾ ਨੂੰ ਕਿਹਾ ਕਿ ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ ?

ਗੁਰੂ ਪਾਤਸ਼ਾਹ ਨੇ ਕਿਹਾ, ਮਨ ਤਾਂ ਤੁਹਾਡਾ ਵੀ ਕਿਧਰੇ ਹੋਰ ਹੀ ਭਟਕਦਾ ਰਿਹਾ ਏ।ਕੀ ਤੁਸੀਂ ਸੱਚਮੁੱਚ ਖ਼ੁਦਾ ਵਿਚ ਲੀਨ ਸਉ ?

ਪਾਤਸ਼ਾਹ ਦੇ ਚਿਹਰੇ ਦਾ ਅਨੋਖਾ ਨੂਰ ਵੇਖ ਕੇ ਬੇਨੂਰੀ ਪੁਰਸ਼ ਬੋਲ ਉੱਠਿਆ, 'ਹਾਂ ਮੈਂ ਖ਼ੁਦਾ ਨਾਲ ਨਹੀਂ ਜੁੜ ਸਕਿਆ ਕਿਉਂਕਿ ਮੈਂ ਕੰਧਾਰ ਵਿਚ ਘੋੜੇ ਖ਼ਰੀਦਣ ਦੀ ਸੋਚ ਰਿਹਾ ਸੀ। ਫਿਰ ਕਾਜ਼ੀ ਨੂੰ ਵੀ ਇਹ ਮੰਨਣਾ ਪਿਆ ਕਿ, 'ਮੈਂ ਨਮਾਜ਼ ਪੜ੍ਹ ਜ਼ਰੂਰ ਰਿਹਾ ਸੀ ਪਰ ਖ਼ਿਆਲ ਘਰ ਵਿਚ ਸੀ ਕਿ ਕਿਧਰੇ ਘੋੜੀ ਦਾ ਵਛੇਰਾ ਵਿਹੜੇ ਵਿਚਕਾਰਲੀ ਖ਼ੂਹੀ ਵਿਚ ਨਾ ਡਿੱਗ ਪਵੇ।

ਇਨ੍ਹਾਂ ਵਿਖਾਵੇ ਦੇ ਧਰਮੀਆਂ ਨੂੰ ਮੇਰੇ ਪਾਤਸ਼ਾਹ ਵੱਡੇ ਅੰਤਰਜਾਮੀ ਜਾਪੇ ਪਰ ਅੰਦਰੋਂ ਕਿੰਨਾ ਸਾੜਾ ਤੇ ਨਫ਼ਰਤ ਉਗਲਦੇ ਸਨ। ਪਰ ਅਹਿਸਾਸੀਆਂ ਨੇ ਇਸ ਸੱਚੇ ਮਾਰਗ ਦੇ ਪਾਂਧੀ ਦੀਆਂ ਪੈੜਾਂ ਵੱਲੀਂ ਨਜ਼ਰ ਟਿਕਾ ਲਈ ਤੇ ਐਸਾ ਸਤਿਸੰਗ ਕਰਨ ਨੂੰ ਸੁਭਾਗ ਸਮਝਣ ਲੱਗ ਪਏ।

ਵਾਹ ਮੇਰੇ ਪਾਤਸ਼ਾਹ ! ਸਾਖੀਆਂ ਤਾਂ ਅਸੀਂ ਵੀ ਬੜੇ ਜ਼ੋਰ-ਸ਼ੋਰ ਨਾਲ ਸੁਣਦੇ ਤੇ ਸੁਣਾਉਂਦੇ ਹਾਂ ਪਰ ਧਿਆਨ ਬਹੁਤੀ ਵਾਰੀ ਮਾਇਆ ਤੇ ਸੰਸਾਰੀ ਕਾਰਜਾਂ 'ਚ ਈ ਖੱਚਤ ਹੁੰਦਾ ਐ। ਕਾਜ਼ੀ ਦੇ ਵਛੇਰੇ ਨੂੰ ਤਾਂ ਵਿਹੜੇ ਵਾਲੀ ਖ਼ੂਹੀ ਦਾ ਖ਼ਤਰਾ ਸੀ ਪਰ ਅਸੀਂ ਤਾਂ ਪਦਾਰਥਵਾਦ ਦੀਆਂ ਖ਼ੂਹੀਆਂ 'ਚ ਆਪ ਈ ਡਿੱਗੇ ਹੋਏ ਹਾਂ।

ਇਹੋ ਹੀ ਸੁਲਤਾਨਪੁਰ, ਜਿਥੇ ਮੇਰੇ ਪਾਤਸ਼ਾਹ ਨੇ ਧਰਤ-ਲੋਕਾਈ ਨੂੰ ਸੋਧਣ ਲਈ ਏਥੋਂ ਦੀਆਂ ਜੂਹਾਂ ਨੂੰ ਅਲਵਿਦਾ ਆਖੀ ਸੀ ਤੇ ਲੰਮੇ ਪੰਧ ਲਈ ਪਹਿਲਾ ਕਦਮ ਇਸ ਸਰਜ਼ਮੀਂ ਤੋਂ ਪੁੱਟਿਆ ਸੀ ।ਇਕ ਪਾਸੇ ਮਾਤਾ-ਪਿਤਾ, ਭੈਣ, ਪਤਨੀ ਤੇ ਸਪੁੱਤਰਾਂ ਦਾ ਮੋਹ ਅਤੇ ਦੂਜੇ ਪਾਸੇ ਦੁਖੀਆਂ, ਕੁਰਲਾਂਦਿਆਂ ਤੇ ਨਿਤਾਣਿਆਂ ਦਾ ਪਿਆਰ। ਪਰਚਾ ਬਹੁਤ ਗੰਭੀਰ ਸੀ, ਪਰ ਜਦ ਮਾਤਾ ਸੁਲੱਖਣੀ ਨੇ ਕਿਹਾ ਸੀ, "ਤੁਹਾਡੇ ਸ੍ਰੀ ਚੰਦ ਤੇ ਲਖਮੀ ਦਾਸ ਕਿਸ ਦੇ ਆਸਰੇ ਰਹਿਣਗੇ ?

ਇਕ ਗ੍ਰਹਿਸਤ ਵਿਚ ਖੱਚਤ ਸੰਸਾਰੀ ਬੰਦਾ ਅਹਿਸਾਸ ਕਰ ਕੇ ਵੇਖੇ ਕਿ ਪਾਤਸ਼ਾਹ ਦਾ ਕੀ ਫ਼ੁਰਮਾਨ ਸੀ, "ਇਨ੍ਹਾਂ ਦੋ ਪੁੱਤਰਾਂ ਦੇ ਪਿਆਰ ਬਦਲੇ ਮੈਂ ਉਸ ਪਰਮਾਤਮਾ ਦੇ ਲੱਖਾਂ ਪੁੱਤਰਾਂ-ਧੀਆਂ ਦਾ ਪਿਆਰ ਠੁਕਰਾ ਨਹੀਂ ਸਕਦਾ, ਜੋ ਮੇਰੀਆਂ ਰਾਹਾਂ ਉਡੀਕ ਰਹੇ ਹਨ।" ਇਸ ਕਰਕੇ ਸੰਸਾਰ ਦੀ ਸੁਧਾਈ ਤੇ ਲੋਕਾਈ ਦਾ ਦਰਦ ਨਿਵਾਰਣ ਲਈ ਸਾਡਾ ਏਥੋਂ ਜਾਣਾ ਇਕ ਅਟੱਲ ਫ਼ੈਸਲਾ ਹੈ।

ਇਸ ਸੁਲਤਾਨਪੁਰ ਦੀਆਂ ਜੂਹਾਂ 'ਚੋਂ ਤ੍ਰਿਪ ਤ੍ਰਿਪ ਚੋਂਦੇ ਨੇਤਰਾਂ ਨਾਲ ਮਾਤਾ ਤ੍ਰਿਪਤਾ ਨੇ ਇਕ ਪੁੱਤਰ ਨੂੰ ਵਿਦਾ ਕੀਤਾ ਤੇ ਲੰਮਾ ਹਉਕਾ ਭਰ ਕੇ ਮਾਤਾ ਸੁਲੱਖਣੀ ਨੇ ਆਪਣੇ ਖਾਵੰਦ ਨੂੰ। ਦੋ ਮਾਸੂਮ ਪੁੱਤਰਾਂ ਨੂੰ ਕਰਿੰਗੜੀਆਂ ਨਾਲੋਂ ਤੋੜ ਕੇ, ਮੱਥੇ ਚੁੰਮ ਕੇ, ਇਕ ਪਿਤਾ ਬੇਅੰਤ ਪੁੱਤਾਂ-ਧੀਆਂ ਨੂੰ ਵਰਾਉਣ ਤੇ ਧੀਰਜ ਬੰਨ੍ਹਾਉਣ ਲਈ ਭਾਈ ਮਰਦਾਨਾ ਜੀ ਦੇ ਸਾਥ 'ਸਤਿ ਕਰਤਾਰ' ਕਹਿ ਕੇ ਪਹਿਲੀ ਉਦਾਸੀ ਲਈ ਇਥੋਂ ਈ ਰਵਾਨਾ ਹੋਇਆ ਸੀ।

ਵਾਹ ਮੇਰੇ ਪਾਤਸ਼ਾਹ! ਵਾਜਿਆਂ ਦੀਆਂ ਸੁਰਾਂ ਤੇ ਪ੍ਰਚਾਰ ਲਈ ਮੂੰਹ-ਮੰਗੀ ਮਾਇਆ ਲੈਣ ਵਾਲੇ ਸੱਜਣ ਕੀ ਜਾਣ ਸਕਦੇ ਹਨ ਕਿ ਤੁਹਾਡੀ ਕੈਸੀ ਘਾਲਣਾ ਦਾ ਰਸਿਆ ਫਲ ਹੈ ਸਿੱਖੀ ?ਤੇ ਮਾਇਆ ਦੇ ਪ੍ਰਭਾਵ ਹੇਠ ਆਏ ਰਾਗ, ਤਾਲ ਤੇ ਬੋਲ ਕਦੀ ਸੱਚ ਨਹੀਂ ਅਲਾਪਦੇ ਹੁੰਦੇ।ਇਹ ਨਿਸ਼ਕਾਮਤਾ, ਲਗਨ ਤੇ ਧਰਮੀ ਸਪਿਰਟ ਹੀ ਬਿਖੜੇ ਪੈਂਡਿਆਂ ਨੂੰ ਸਰ ਕਰਦੀ ਏ।ਕਾਸ਼!ਅਸੀਂ ਦੌਲਤ ਨੂੰ ਗੁਜ਼ਰਾਨ ਸਮਝ ਕੇ, ਸੁਲਤਾਨਪੁਰ ਦੇ ਇਤਿਹਾਸ ਤੋਂ ਕੁਝ ਸਿੱਖਿਆ ਗ੍ਰਹਿਣ ਕਰ ਲਈਏ ਤੇ ਇਸ ਸਿੱਖੀ ਦੇ ਮਹਾਨ ਯੱਗ ਵਿਚ ਕੋਈ ਕਿਣਕਾ ਮਾਤਰ ਯੋਗਦਾਨ ਪਾ ਸਕੀਏ।

ਸੁਲਾਤਨਪੁਰ ਸਿਰਫ਼ ਸੁਲਤਾਨ ਲੋਧੀ ਦਾ ਵਸਾਇਆ ਹੋਇਆ ਸ਼ਹਿਰ ਹੀ ਨਹੀਂ ਸਗੋਂ ਇਹ ਤਾਂ ਉਸ ਸੁਲਤਾਨਾਂ ਦੇ ਸੁਲਤਾਨ ਨਾਲ ਜੋੜਨ ਤੇ ਪ੍ਰੇਰਨ ਵਾਲੀ ਗੁਰੂ ਨਾਨਕ ਜੀ ਵੱਲੋਂ ਵਰੋਸਾਈ ਪਾਕ-ਪਵਿੱਤਰ ਧਰਤੀ ਐ। ਸੁਲਤਾਨਪੁਰ ਕਿਵੇਂ ਵੱਸਿਆ ਕੋਈ ਘੱਟ ਈ ਜਾਣੇ ਪਰ ਸੁਲਤਾਨਪੁਰ 'ਚ ਕੰਗਾਲਾਂ ਨੂੰ ਸੁਲਤਾਨ ਕੀਤਾ, ਬੇਤਾਲਿਆਂ ਤੇ ਭਟਕਿਆਂ ਨੂੰ ਸੁਰਬੱਧ ਕੀਤਾ ਮੇਰੇ ਪਾਤਸ਼ਾਹ ਨੇ.....।

ਰਬਾਬ ਦੀਆਂ ਸੁਰਾਂ 'ਤੇ ਇਲਾਹੀ ਬੋਲਾਂ ਨੇ ਤਪਦੇ ਹਿਰਦਿਆਂ ਨੂੰ ਸ਼ਾਂਤ ਕੀਤਾ।ਦੂਰ ਦੂਰ ਤਕ ਅਗਿਆਨਮਈ ਹਨ੍ਹੇਰੇ ਮਨਾਂ 'ਚ ਪ੍ਰਕਾਸ਼ ਕਰਨ ਲਈ ਇਥੋਂ ਇਕ ਜੋਤ ਦੇ ਕਦਮ ਚੱਲੇ ।ਧਰਮਸ਼ਾਲਾਵਾਂ ਦੀ ਸਿਰਜਣਾ ਹੋਣ ਲਗੀ ਤੇ ਤੁਲੰਭੇ 'ਚ ਇਕ ਸੱਜਣ ਠੱਗ ਦੀ ਰਿਹਾਇਸ਼ਗਾਹ ਧਰਮੀਆਂ ਦੀ ਇਬਾਦਤਗਾਹ ਬਣਦੀ ਲੋਕਾਈ ਨੇ ਅੱਖੀਂ ਡਿੱਠੀ.....।

ਇੰਜ ਲੱਗਦੈ ਕਿ ਜੋ ਵਸਤ ਸੰਸਾਰ ਸਾਹਵੇਂ ਪਰੋਸੀ ਗਈ, ਉਸ ਦੇ ਬਣਨ ਤੇ ਸੰਵਾਰਨ ਵਿਚ ਸੁਲਤਾਨਪੁਰ ਦਾ ਵੀ ਇਕ ਅਹਿਮ ਸਥਾਨ ਹੈ।ਨਨਕਾਣਾ ਸਾਹਿਬ ਤੋਂ ਪ੍ਰਗਟ ਹੋਏ ਸਤਿਗੁਰਾਂ ਦਾ ਜੀਵਨ ਇਤਿਹਾਸ ਸੁਲਤਾਨ ਪੁਰ ਤੋਂ ਚੱਲ ਕੇ ਆਪਣੇ ਪੈਰੋਕਾਰਾਂ ਨੂੰ ਅਮੀਰ ਸਲਤਨਤ ਦੇ ਵਾਰਸ ਹੋਣ ਦੀ ਵਡਿਆਈ ਬਖ਼ਸ਼ਦਾ ਹੈ ਅਤੇ ਅਸੀਂ ਹਰ ਪੱਖੋਂ ਸੁਲਤਾਨ ਭਾਵ ਬਾਦਸ਼ਾਹ ਬਣੇ ਆਂ ।

ਬਸ ਉਹੀ ਕੰਗਲਾ ਤੇ ਕੰਗਾਲ ਹੈ ਜੋ ਸਿੱਖ ਹੁੰਦਾ ਹੋਇਆ ਵੀ ਅਜੇ ਤਕ ਗੁਰੂ ਨਾਨਕ ਪਾਤਸ਼ਾਹ ਜੀ ਦੇ ਮਹਾਨ ਉਪਦੇਸ਼ਾਂ ਨੂੰ ਸਮਝ ਨਹੀਂ ਸਕਿਆ। ਇਹ ਦੇਹਧਾਰੀ ਗੁਰੂ-ਡੰਮ, ਅੰਧ-ਵਿਸ਼ਵਾਸ, ਅਗਿਆਨਤਾ ਤੇ ਪਾਖੰਡਵਾਦ ਦੀ ਭਿੱਖਿਆ ਉਹੀ ਚੁੱਕੀ ਫਿਰਦੇ ਹਨ, ਜਿਨ੍ਹਾਂ ਨੂੰ ਅਜੇ ਤਕ ਮੇਰੇ ਪਾਤਸ਼ਾਹ ਦੀ ਬਖ਼ਸ਼ੀ ਹੋਈ ਸੁਲਤਾਨੀ ਜਾਂ ਬਾਦਸ਼ਾਹੀ ਦਾ ਅਹਿਸਾਸ ਨਹੀਂ ਐਂ।

# Guru Nanak Dev Ji & His Message of Brotherhood

The founder of Sikhism, Guru Nanak Dev Ji (1469-1539)emphasized the fundamental truth of all religions. He devoted his life and his extensive travels in order to establish a dialogue with monks as well as monarchs. The purpose of his mission was to put an end to the religious conflicts and to castablish just a moral and social order as the forerunner of the spiritual evolution of humen spirit.Guru Nanak Dev Ji has place amongst the few greatest men of the world, amongst the holiest prophets and seers, who devoted their life to the suffering humanity. Their divine massage of love and peace, unity and tolerance, pure heartedness and faith were the main mission of service to the hu-manity.His was the glorious and most illustrious personality encom-passing all the facets of human per-fection and glory. Out of the most religious leaders in ancient or me-dieval India probably Guru Nanak Dev Ji is one, who has left the deep-est mark on the social and cultural life of the modern times.He was the 'Humblest of the humble, simplest of the simple, truest of the true and Holiest of the Holy'. He was the person in whose personality all the elements of life and nature had joined in per-fection and harmony, though mor-tal like all other mortals but he was in fact the most immortal amongst men through his actions and deeds. He said 'Truth is high but living in truth is higher than truth'. He gave 3 fundamental principles of Sikhism (1) To pray the Almighty father and remember his name (2) To earn with honesty (3) To distribute the earn-ing amongst the needy persons saved after the livelihood of the eamer and his family.He said do not divide people in to Hindus and Muslims. All are children of God and equal. No one is superior or inferior and no one is alien. Guru Nanak Dev Ji syas He (God) is the creator of the Universe, the common father of whole Hu-manity. Gurubani accepts all the in-numerable names given by to him by his devotees. Many such names have been mentioned in Sri Guru Granth Sahib Ji. It is not a theory for intellectual exercise, but the Gurus demonstrated it through the institutions of Sangat and Pangat. Hindus, Muslims, Christians, Bud-dhists, high caste or low caste, White or Black, Men or Women, Rich or Poor, King or Beggar all form a congregation (Sangat) to sing the praises of the Lord, their common father addressed by different names with equal love to share the feelings of brotherhood. The cooked food (Langer) is taken by all sitting on the same ground together without any difference of caste or creed or social status.Π The greatest contribution of Guru Nanak Dev Ji's religious thoughts to the Indian Society was his inculcation of social and moral responsibility on all Indians. It has made men not only God centered but society oriented and thus his Sikhs have never shirked national and patriotic duty in hour of India's need and predicament. His disciples have in thousands and thousand courted death with courage and valour but have never flinched from their post in the hour of duty.This social responsibility has gradually converted the Sikhs into strong marital instrument in national importance. It is a strong influence of Gurmat and Guru Nanak Dev Ji's preaching's that made Sikhs excel-lent citizens, not only in India but wherever they live in any part of the world. The Sikhs follow five funda-mental rules in their life i.e. Dyna-mism Determination, Devotion, Dis-cipline and selfless service (Nishkam Sewa).

Dr. (Maj.) Balbir Singh Bhasin

# ਬਾਬਾ ਦੀਪ ਸਿੰਘ ਜੀ ਦੀ ਖੁੱਲ੍ਹਦਿਲੀ

ਆਪਣੇ ਮਹਾਨ ਗੁਣਾਂ ਸਦਕਾ ਬਾਬਾ ਦੀਪ ਸਿੰਘ ਜੀ ਦੀ ਇਨ੍ਹੀਂ ਵਡਿਆਈ ਤੇ ਉਪਮਾ ਹੋ ਗਈ ਸੀ ਕਿ ਇਕ ਵਾਰ ਆਪ ਜੀ ਨੇ ਜੈਸਲਮੇਰ ਅਤੇ ਬੀਕਾਨੇਰ ਦੇ ਦੋ ਹਿੰਦੂ ਰਾਜਿਆਂ ਦੀ ਸੁਲਾਹ ਕਰਵਾ ਦਿੱਤੀ ਸੀ।

ਕੁਝ ਸਮਾਂ ਸਿੰਘਾਂ ਨੇ ਸੁੱਖ ਦਾ ਸਾਹ ਲਿਆ ਅਤੇ ਉਨ੍ਹਾਂ ਦੇ ਪਰਉਪਕਾਰ ਅਤੇ ਮਹਾਨ ਕਾਰਨਾਮਿਆਂ ਤੋਂ ਸਿੰਘਾਂ ਵਿਚ ਜਾਗ੍ਰਿਤੀ ਆਈ ਹੀ ਸੀ ਕਿ ਅਦੀਨਾ ਬੇਗ਼, ਜਲੰਧਰ ਨੇ ਗੜਬੜ ਅਰੰਭ ਕਰ ਦਿੱਤੀ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਬਾਬਾ ਦੀਪ ਸਿੰਘ ਜੀ ਦੀ ਸਲਾਹ ਲਈ ਕਿ ਹੁਣ ਖ਼ਾਲਸੇ ਨੂੰ ਕੀ ਕਰਨਾ ਚਾਹੀਦਾ ਹੈ ? ਬਾਬਾ ਦੀਪ ਸਿੰਘ ਜੀ ਨੇ ਹੁਕਮ ਕੀਤਾ ਕਿ ਸਭ ਮਿਸਲਾਂ ਸੂਰਮਿਆਂ ਸਮੇਤ ਦੁਆਬੇ ਵਿਚ ਇਕੱਠੀਆਂ ਹੋਣ ਅਤੇ ਅਦੀਨਾ ਬੇਗ਼ ਨੂੰ ਸੋਧਿਆ ਜਾਵੇ।

ਸੋ 12 ਮਿਸਲਾਂ ਦਾ ਦੁਆਬੇ ਵਿਚ ਇਕੱਠ ਹੋਇਆ, ਘਮਸਾਨ ਦਾ ਯੁੱਧ ਹੋਇਆ, ਜਿਸ ਵਿਚ ਅਦੀਨਾ ਬੇਗ਼ ਫ਼ੌਜ ਸਮੇਤ ਮਾਰਿਆ ਗਿਆ।ਜਿੱਤ ਪਿੱਛੋਂ ਵਿਚਾਰ ਹੋਈ ਕਿ ਇਹ ਇਲਾਕਾ ਕਿਸ ਨੂੰ ਸੌਂਪਿਆ ਜਾਵੇ।ਫ਼ੈਸਲਾ ਹੋਇਆ, "ਬਾਬਾ ਦੀਪ ਸਿੰਘ ਜੀ, ਜੋ ਫ਼ੈਸਲਾ ਕਰਨ ਪੰਥ ਨੂੰ ਪ੍ਰਵਾਨ ਹੈ।" ਨਿਰਸਵਾਰਥ ਬਾਬਾ ਦੀਪ ਸਿੰਘ ਜੀ ਨੇ ਜਿੱਤਿਆ ਇਲਾਕਾ ਸ੍ਰ. ਜੱਸਾ ਸਿੰਘ ਆਹਲੂਵਾਲੀਆ ਜੀ ਦੇ ਸਪੁਰਦ ਕਰਨ ਦਾ ਫੈਸਲਾ ਸੁਣਾਇਆ ਜੋ ਸਿਰ ਮੱਥੇ ਪ੍ਰਵਾਨ ਕੀਤਾ ਗਿਆ।

ਅਜੇ ਸਿੰਘ ਦੁਆਬੇ ਵਿਚ ਹੀ ਸਨ ਕਿ ਮੁਹੰਮਦ ਆਮੀਨ ਖ਼ਾਨ ਸਿਆਲਕੋਟ ਨੇ ਜਹਾਦ ਖੜਾ ਕਰ ਦਿੱਤਾ। ਉਹ ਖ਼ਾਲਸੇ ਨੂੰ ਮਾਰ ਕੇ ਤਬਾਹ ਕਰਨਾ, ਇਸਲਾਮੀ ਸ਼ਰ੍ਹਾ ਅਨੁਸਾਰ ਸਵਾਬ (ਪੁੰਨ) ਸਮਝਦਾ ਸੀ।ਆਮੀਨ ਖ਼ਾਨ ਦੀ ਇਸ ਪਾਲਿਸੀ ਤੋਂ ਧਾੜਵੀ ਅਤੇ ਜ਼ਾਲਮ ਮੁਸਲਮਾਨ, ਸਿੱਖਾਂ ਨੂੰ ਲੁੱਟਦੇ ਅਤੇ ਉਨ੍ਹਾਂ ਉੱਤੇ ਅੱਤਿਆਚਾਰ ਕਰਦੇ ਸਨ।

ਮੈਕਾਲਫ ਅਨੁਸਾਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਮਨੁੱਖਤਾ ਦੀ ਸੇਵਾ ਸੰਭਾਲ ਲਈ ਹੀ ਸਾਜਿਆ ਸੀ।ਉਸ (ਆਮੀਨ ਖਾਂ) ਦੇ ਅੱਤਿਆਚਾਰਾਂ ਦੀ ਦੁਆਬੇ ਵਿਚ ਖ਼ਬਰ ਮਿਲੀ। ਸਿੰਘਾਂ ਨੇ ਬਿਆਸ ਪਾਰ ਕਰਕੇ ਬਟਾਲਾ ਤੋਂ ਡੇਰਾ ਬਾਬਾ ਨਾਨਕ ਪੁੱਜ ਕੇ ਪੰਥ ਦਾ ਇਕੱਠ ਕੀਤਾ ਅਤੇ ਮੁਹੰਮਦ ਆਮੀਨ ਖ਼ਾਨ ਨੂੰ ਸੋਧਣ ਲਈ ਪਹਿਲੇ ਹੀ ਦਿਨ ਘੋੜਿਆਂ ਸਮੇਤ ਰਾਵੀ ਪਾਰ ਕਰਕੇ ਜਾ ਘੇਰਿਆ।ਆਮੀਨ ਖ਼ਾਨ ਮੈਦਾਨ ਛੱਡ ਕੇ ਦੌੜਿਆ

ਪਰ ਸਿੰਘਾਂ ਨੇ ਉਸਨੂੰ ਬੋਚ ਕੇ ਉਸਦੇ ਅੱਤਿਆਚਾਰਾਂ ਦਾ ਬਦਲਾ ਲਿਆ ਅਤੇ ਉਸਦੀ ਸਾਰੀ ਫ਼ੌਜ ਵੀ ਮਾਰ ਦਿੱਤੀ। ਲਾਹੌਰ ਦਰਬਾਰ ਦੀ ਮਦਦ ਉੱਤੇ ਉਸਨੂੰ ਮਾਣ ਸੀ ਪਰ ਉਸਦੀ ਮਦਦ ਲਈ ਕੋਈ ਨਾ ਬਹੁੜਿਆ।

ਸਿਆਲਕੋਟ ਦਾ ਪ੍ਰਬੰਧ ਕਿਸਦੇ ਹਵਾਲੇ ਕੀਤਾ ਜਾਵੇ, ਦੁਆਬੇ ਵਾਂਗ, ਇਹ ਫੈਸਲਾ ਕਰਨ ਦੇ ਵੀ ਪੂਰੇ ਅਧਿਕਾਰ ਬਾਬਾ ਦੀਪ ਸਿੰਘ ਜੀ ਨੂੰ ਦਿੱਤੇ ਗਏ। ਬਾਬਾ ਜੀ ਨੇ ਸੋਚ ਸਮਝ ਕੇ ਇਹ ਇਲਾਕਾ, ਲਾਹੌਰ ਦੇ ਨਾਲ ਲਗਦਾ ਹੋਣ ਕਰਕੇ, ਪੰਥ ਦੇ ਮਹਾਨ ਸੂਰਬੀਰ ਤੇ ਸਿਰਲੱਥ ਯੋਧੇ ਸ . ਨੱਥਾ ਸਿੰਘ ਤੇ ਸ੍ਰ. ਦਿਆਲ ਸਿੰਘ, ਜਿਨ੍ਹਾਂ ਨੂੰ ਇਸ ਇਲਾਕੇ ਦਾ ਭੇਤ ਵੀ ਸੀ, ਦੇ ਹਵਾਲੇ ਕਰਨ ਦਾ ਫ਼ੈਸਲਾ ਦਿੱਤਾ।ਪੰਥ ਨੇ ਖ਼ੁਸ਼ੀਆਂ ਦੇ ਜੈਕਾਰੇ ਛੱਡੇ ਅਤੇ ਸਿਰ ਮੱਥੇ ਮੰਨਿਆ।

ਪੰਥ ਦੇ ਸਰਕਾਰੀ ਧੱਕੇ-ਸ਼ਾਹੀ ਵਿਰੁੱਧ ਲੜਦੇ-ਭਿੜਦੇ ਰਹਿਣ ਵਿਚ ਸ੍ਰ. ਨੱਥਾ ਸਿੰਘ ਤੇ ਸ੍ਰ. ਦਿਆਲ ਸਿੰਘ ਸ਼ਹੀਦੀਆਂ ਪਾ ਗਏ।ਉਨ੍ਹਾਂ ਪਿੱਛੋਂ ਉਨ੍ਹਾਂ ਦੇ ਜਾਨਸ਼ੀਨ (ਉੱਤਰਾਧਿਕਾਰੀ) ਸ੍ਰ. ਕਰਮ ਸਿੰਘ ਤੇ ਸ੍ਰ. ਗੁਲਾਬ ਸਿੰਘ ਨੂੰ ਪੰਥ ਨੇ ਸਾਰਾ ਇਲਾਕਾ ਦੇ ਦਿੱਤਾ ਪਰ ਉਹ ਬਾਅਦ ਵਿਚ ਪੰਥ ਨੂੰ ਹੀ ਅੱਖਾਂ ਵਿਖਾਉਣ ਲੱਗ ਪਏ।ਉਨ੍ਹਾਂ ਦੀਆਂ ਪੰਥ ਪ੍ਰਤੀ ਬਦਸਲੂਕੀਆਂ ਬਾਰੇ ਬਾਬਾ ਦੀਪ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਸ਼ਹੀਦ ਮਿਸਲ ਦੇ 2000 ਸਿੰਘਾਂ ਸਮੇਤ ਸਿਆਲਕੋਟ 'ਤੇ ਧਾਵਾ ਬੋਲ ਕੇ ਕਰਮ ਸਿੰਘ ਤੇ ਗੁਲਾਬ ਸਿੰਘ ਨੂੰ ਪਕੜ ਕੇ ਸਾਰਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਪਰ ਬਾਬਾ ਜੀ ਰਾਜ ਸੱਤਾ ਕਾਇਮ ਕਰਨ ਦੇ ਵਿਰੁੱਧ ਸਨ।ਉਨ੍ਹਾਂ ਨੇ ਸ਼ਹੀਦ ਮਿਸਲ ਦੇ ਇਕੱਠ ਵਿਚ ਫ਼ੈਸਲਾ ਕੀਤਾ ਕਿ ਸਿਆਲਕੋਟ ਇਲਾਕੇ ਦੀ ਜਗੀਰ ਕਿਸੇ ਇਕ ਵਿਅਕਤੀ ਦੀ ਮਲਕੀਅਤ ਨਹੀਂ ਹੋਵੇਗੀ। ਇਸ ਇਲਾਕੇ ਦੀ ਜਗੀਰ ਗੁਰਦੁਆਰਾ ਬੇਰ ਸਾਹਿਬ ਦੇ ਲੰਗਰ ਦੇ ਨਾਂ ਲਗਾਈ ਜਾਂਦੀ ਹੈ।ਮਿਸਲਾਂ ਵਿਚ ਸਭ ਤੋਂ ਪਹਿਲੀ ਤੇ ਉੱਤਮ ਮਿਸਾਲ ਬਾਬਾ ਦੀਪ ਸਿੰਘ ਜੀ ਨੇ ਕਾਇਮ ਕੀਤੀ।

ਮੁਖਤਾਰ ਸਿੰਘ ਗੁਰਾਇਆ

# ਅਕਾਲ ਪੁਰਖ ਦੇ ਪਿਆਰੇ, ਅੰਤ ਨੂੰ ਸੰਸਾਰ ਤੇ ਆਨੰਦ ਜਾਂਦੇ ਹਨ



ਗਿਆਨੀ ਦਿੱਤ ਸਿੰਘ

ਹਰ ਇਕ ਪੁਰਖ ਜੋ ਇਸ ਜਗਤ ਵਿਚ ਆਉਂਦਾ ਹੈ ਸੋ ਇਸ ਕੰਮ ਵਾਸਤੇ ਬਹੁਤ ਪੁਰਖਾਰਥ ਕਰਦਾ ਹੈ ਕਿ ਮੈਂ ਸੰਸਾਰ ਪਰੋਂ ਅੰਤ ਵੇਲੇ ਸੁਖੀ ਜਾਵਾਂ ਅਤੇ ਮਨ ਵਿਚ ਕੋਈ ਵਾਸ਼ਨਾ ਨਾ ਰਹਿ ਜਾਵੇ॥

ਕਿਤਨੇ ਆਦਮੀ ਪੁੰਨ ਦਾਨ ਕਰਕੇ ਅਭਿਮਾਨ ਕਰਦੇ ਹਨ ਕਿ ਅਸੀਂ ਅੰਤ ਨੂੰ ਸੁਖੀ ਹੋਵਾਂਗੇ, ਪਰੰਤੂ ਜਦ ਉਨ੍ਹਾਂ ਦਾ ਅੰਤ ਸਮ ਆਉਂਦਾ ਹੈ ਤਦ ਇਤਨਾ ਆਖਦੇ ਸੁਨੇ ਜਾਂਦੇ ਹਨ ਕਿ ਹਾਇ ਅਸੀਂ ਫਲਾਨੀ ਗੱਲ ਨਾ ਕਰ ਲੀਤੀ, ਜਿਸ ਦੇ ਹੱਥੋਂ ਅਸੀਂ ਦੁਖੀ ਚਲੇ ਹਾਂ॥ਜਦ ਕੋਈ ਵੱਡੇ ਪਰਵਾਰ ਵਾਲਾ ਆਦਮੀ ਬੁੱਢਾ ਹੋ ਕੇ ਮਰਦਾ ਹੈ ਤਦ ਭਾਵੇਂ ਉਸ ਨੇ ਸੰਸਾਰ ਦੇ ਸਾਰੇ ਸੁਖ ਭੀ ਭੋਗ ਲੀਤੇ ਹੋਨ, ਪਰੰਤੂ ਅੰਤ ਨੂੰ ਇਹ ਆਖ ਕੇ ਮਰਦਾ ਹੈ ਕਿ ਹਾਇ ਮੈਂ ਅਪਨੇ ਫਲਾਨੇ ਪੁੱਤ੍ਰ ਯਾਂ ਪੋਤੇ ਦਾ ਪੁੱਤ੍ਰ ਖੇਲਦਾ ਦੇਖ ਕੇ ਸੁਖੀ ਹੋ ਕੇ ਪ੍ਰਾਨ ਨਾ ਦਿੱਤੇ। ਇਸ ਤੇ ਬਿਨਾਂ ਬਹੁਤ ਸਾਰੇ ਆਦਮੀ ਅਪਨੇ-ਅਪਨੇ ਖ੍ਯਾਲਾਂ ਦੇ ਅਨੁਸਾਰ ਸੰਸਾਰ ਦੇ ਪਦਾਰਥਾਂ ਨੂੰ ਭੋਗ-ਭੋਗ ਕੇ ਅਪਨਾ ਸੁਖ ਜਾਨਦੇ ਹਨ, ਪਰੰਤੂ ਜਦ ਉਹ ਅੰਤ ਨੂੰ ਮਰਦੇ ਹਨ ਤਦ ਇਹ ਆਖਦੇ ਹਨ ਕਿ (ਹਾਇ) ਉਨ੍ਹਾਂ ਸੁੱਖਾਂ ਵਿੱਚੋਂ ਸਾਡੇ ਪਾਸ ਅੱਜ ਇਕ ਭੀ ਨਹੀਂ ਹੈ ਜੋ ਇਸ ਸ ਸੁਖਦਾਈ ਅਤੇ ਸਹਾਈ ਹੋਵੇ॥

ਹਜ਼ਾਰਾਂ ਸੂਰਬੀਰ ਜਿਨ੍ਹਾਂ ਨੇ ਯੁੱਧ ਜੰਗ ਨਾਲ ਅਪਨੇ ਸ਼ਤ੍ਰੂਆਂ ਦਾ ਨਾਸ ਕਰਕੇ ਉਨ੍ਹਾਂ ਨੂੰ ਧੂਰ ਨਾਲ ਮਿਲਾ ਦਿੱਤਾ ਅਰ ਸੰਸਾਰ ਪਰ ਯਸ ਪਾਇਆ, ਪਰੰਤੂ ਉਹ ਪੁਰਖ ਭੀ ਅੰਤ ਦੀ ਵੇਲਾ ਇਹ ਕਹਿ ਕੇ ਮਰਦੇ ਸੁਨੇ ਗਏ ਹਨ ਕਿ (ਹਾਇ) ਸਾਡੀ ਸੂਰਬੀਰਤਾ ਦੀ ਐਥੇ ਕੋਈ ਪੇਸ਼ ਨਾ ਗਈ, ਜਿਸ ਤੇ ਅੱਜ ਮੈਂ ਭੀ ਇਸ ਮੌਤ ਦੇ ਸ਼ਤ੍ਰੂ ਨੇ ਪਕੜ ਕੇ ਅਪਨੇ ਪੈਰਾਂ ਹੇਠ ਕੁਚਲ ਦਿੱਤਾ ਹਾਂ।ਇਸੀ ਪ੍ਰਕਾਰ ਕਿਤਨੇ ਬਿਪਾਰੀ ਲੋਗਾਂ ਨੇ ਅਪਨੇ ਜੀਵਨ ਵਿਚ ਧਨ ਨੂੰ ਇਕੱਤ੍ਰ ਕੀਤਾ ਅਤੇ ਇਹ ਆਸ਼ਾ ਰੱਖੀ ਕਿ ਅਸੀਂ ਅੰਤ ਦੇ ਵੇਲੇ ਸੁਖੀ ਜਾਏਂਗੇ, ਪਰੰਤੂ ਇਸ ਅੰਤ ਦੇ ਸ ਪਰ ਉਹ ਭੀ ਪਛਤਾਉਂਦੇ ਗਏ। ਫੇਰ ਮਹਮੂਦ ਗਜ਼ਨਵੀ ਜੈਸੇ ਪਾਤਸ਼ਾਹ ਨੇ ਹਿੰਦੁਸਤਾਨ ਪਰ ਵਡੇ ਭਾਰੀ ਹਮਲੇ ਕੀਤੇ ਜਿਨ੍ਹਾਂ ਵਿਚ ਅਜੇਹੀ ਲੁੱਟ ਮਚਾਈ ਜੋ ਕਰੋੜਾਂ ਰੁਪਯੇ ਇਸ ਦੇਸ ਦੇ ਲੁੱਟ ਕੇ ਗਜ਼ਨੀ ਨੂੰ ਲੈ ਗਿਆ ਅਰ ਬਜ਼ਾਰਾਂ ਵਿਚ ਜਵਾਹਰਾਤ ਦੇ ਢੇਰ ਲਗਾ ਦਿੱਤੇ ਅਰ ਟਕੇ-ਟਕੇ ਨੂੰ ਇਸ ਦੇਸ ਦਾ ਆਦਮੀ ਮੁੱਲ ਵਿਕ੍ਯਾ, ਜਿਸ ਤੇ ਉਸ ਨੂੰ ਇਹ ਆਸ਼ਾ ਥੀ ਕਿ ਮੈਂ ਅੰਤ ਨੂੰ ਸਭ ਤਰ੍ਹਾਂ ਸੁਖੀ ਜਾਵਾਂਗਾ, ਪਰੰਤੂ ਉਸ ਨੇ ਭੀ ਅੰਤ ਦੇ ਵੇਲੇ ਸਾਰੀ ਜਵਾਹਰਾਤ ਆਪਨੇ ਸਾਮ੍ਹਨੇ ਰੱਖ ਕੇ ਸਾਰੇ ਅਮੀਰ ਵਜ਼ੀਰ ਬੁਲਾਏ ਅਰ ਅੰਤ ਨੂੰ ਦੋਨੋਂ ਮੁੱਠੀਆਂ ਖਾਕ ਦੀਆਂ ਭਰ ਕੇ ਆਖ੍ਯਾ ਕਿ ਮੈਂ ਅੰਤ ਨੂੰ ਸਭ ਕੁਝ ਏਥੇ ਹੀ ਛੱਡ ਕੇ ਚੱਲਿਆ ਹਾਂ ਜਿਸ ਵਿੱਚੋਂ ਮੇਰੇ ਨਾਲ ਇਕ ਦਮੜੀ ਭੀ ਨਹੀਂ ਚੱਲੀ, ਪਰੰਤੂ ਓੜਕ ਏਹ ਖਾਕ ਹੀ ਮੇਰੇ ਹੱਥ ਵਿਚ ਆਈ ਹੈ, ਜਿਸ ਤੇ ਇਹ ਸਿੱਧ ਹੋਇਆ ਕਿ ਅੰਤ ਨੂੰ ਉਹ ਪਛਤਾ ਕੇ ਇਸ ਸੰਸਾਰ ਥੋਂ ਗਿਆ ਤੇ ਇਸ ਸੰਸਾਰਕ ਦੌਲਤ ਅਤੇ ਹਕੂਮਤ ਨੇ ਉਸ ਨੂੰ ਕੁਝ ਭੀ ਸੁਖ ਨਾ ਦਿੱਤਾ॥

ਪ੍ਯਾਰੇ ਪਾਠਕੋ ਜਦ ਅਸੀਂ ਸੰਸਾਰ ਪਰੋਂ ਉਨ੍ਹਾਂ ਮਹਾਤਮਾਂ ਦਾ ਜਾਣਾ ਦੇਖਦਾ ਹਾਂ ਜਿਨ੍ਹਾਂ ਨੇ ਆਪਨਾ ਜੀਵਨ ਅਕਾਲ ਪੁਰਖ ਦੇ ਅਰਾਧਨ ਪਰ ਅਰਪਨ ਕੀਤਾ ਹੈ ਤਦ ਏਹੋ ਨਜ਼ਰ ਆਉਂਦਾ ਹੈ ਕਿਉਂ ਨਾ ਮਹਾਤਮਾਂ ਨੇ ਇਸ ਸੰਸਾਰ ਪਰ ਜਾਂਦੇ ਹੋਏ ਇਹ ਬਚਨ ਕੀਤੇ ਕਿ ਅਸੀਂ ਏਥੋਂ ਬਹੁਤ ਆਨੰਦ ਚੱਲੇ ਹਾਂ ਜਿਸ ਤੇ ਸਾਨੂੰ ਮੌਤ ਦਾ ਕੁਝ ਭੀ ਭੈ ਨਹੀਂ ਹੈ।ਜੈਸਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਥਨ ਹੈ:

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ॥੧॥

(ਅੰਗ ੧੪੨੯)

ਕਬੀਰਾ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨॥

(ਅੰਗ ੧੩੬੫)

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥

(ਅੰਗ ੧੩੬੫)

ਪਯਾਰੇ ਪਾਠਕੋ ਆਪ ਨੂੰ ਭੀ ਚਾਹੀਦਾ ਹੈ ਜੋ ਉਸ ਨਿਰਭੈ ਪਦ ਵੱਲ ਅਪਨੇ ਆਤਮਾ ਨੂੰ ਲਗਾਓ, ਜਿਸ ਵੱਲ ਲਗਾਉਨੇ ਕਰਕੇ ਅੰਤ ਨੂੰ ਨਿਰਭੈ ਹੋ ਕੇ ਇਸ ਸੰਸਾਰ ਤੇ ਜਾਓ॥

(ਖ਼ਾਲਸਾ ਅਖ਼ਬਾਰ ਲਾਹੌਰ, ੪ ਸਤੰਬਰ ੧੮੯੬, ਪੰਨਾ ੩)

# ਬੱਚਿਆਂ ਦੀ ਪਰਵਰਿਸ਼ ਵਿਚ: ਕੇਸ ਪਿਆਰ ਤੇ ਕੇਸ ਸਤਿਕਾਰ

ਜਦੋਂ ਕਿਤੇ ਕਿਸੇ ਘਰ 'ਚ ਕੋਈ ਬੱਚਾ ਕੇਸਾਂ ਦੀ ਬੇਅਦਬੀ ਕਰਦਾ ਹੈ ਤਾਂ ਉਸ ਦੇ ਮੁੱਖ ਕਾਰਨ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ -

ਅਗਿਆਨਤਾ: ਮਾਤਾ-ਪਿਤਾ ਬੱਚਿਆਂ ਨੂੰ ਕੇਸਾਂ ਦੀ ਮਹੱਤਤਾ ਬਾਰੇ ਜਾਂ ਕੇਸ ਪਿਆਰ ਤੇ ਕੇਸ ਸਤਿਕਾਰ ਬਾਰੇ ਕੋਈ ਜਾਣਕਾਰੀ ਜਾਂ ਪ੍ਰੇਰਨਾ ਨਹੀਂ ਦਿੰਦੇ ਜਾਂ ਉਹਨਾਂ ਨੂੰ ਆਪ ਨੂੰ ਹੀ ਪਤਾ ਨਹੀਂ ਹੁੰਦਾ ਕਿ ਕੇਸਾਂ ਦੀ ਮਹੱਤਤਾ ਕੀ ਹੈ ਤੇ ਉਹ ਆਪ ਹੀ ਇਸ ਤੋਂ ਅਵੇਸਲੇ ਹੁੰਦੇ ਹਨ।ਇਸ ਲਈ ਹਰ ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਕੇਸਾਂ ਦੀ ਮਹੱਤਤਾ ਬਾਰੇ ਪੂਰੀ ਜਾਣਕਾਰੀ ਬੱਚਿਆਂ ਤੱਕ ਪਹੁੰਚਾਉਣ ਤਾਂ ਜੋ ਸਾਡੇ ਬੱਚੇ ਅਗਿਆਨਤਾ ਕਾਰਨ ਆਪਣੇ ਰਾਹ ਤੋਂ ਨਾ ਥਿੜਕਨ।

ਮਾੜੀ ਸੰਗਤ ਦਾ ਪ੍ਰਭਾਵ -

ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਮਾੜੀ ਸੰਗਤ ਦੇ ਪ੍ਰਭਾਵ ਕਾਰਨ ਬੱਚੇ ਸਹੀ ਰਾਹ ਤੋਂ ਭਟਕ ਜਾਂਦੇ ਹਨ ਤੇ ਉਹਨਾਂ ਦੀ ਇਹ ਥਿੜਕਨ ਉਹਨਾਂ ਨੂੰ ਡੂੰਘੀ ਖਾਈ ਵੱਲ ਧੱਕ ਦਿੰਦੀ ਹੈ, ਜਿੱਥੋਂ ਕਈ ਵਾਰ ਨਿਕਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਮਾੜੀ ਸੰਗਤ ਦਾ ਪ੍ਰਭਾਵ, ਬੱਚਿਆਂ ਅੰਦਰਲੀ ਪਰਪੱਕਤਾ 'ਤੇ ਹਾਵੀ ਹੋ ਜਾਂਦਾ ਹੈ।ਇਸ ਲਈ ਚਾਹੀਦਾ ਹੈ ਕਿ ਇਸ ਪ੍ਰਭਾਵ ਤੋਂ ਬਚਣ ਲਈ ਬੱਚਿਆਂ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਦੀਆਂ ਪ੍ਰੇਰਨਾਵਾਂ ਨਾਲ ਪਰਪੱਕ ਕਰੀਏ।ਜਿਸ ਨਾਲ ਮਾੜੀ ਸੰਗਤ ਦਾ ਪ੍ਰਭਾਵ ਉਹਨਾਂ ਨੂੰ ਛੂਹ ਤੱਕ ਨਾ ਸਕੇ।

ਘਰ ਦਾ ਮਾਹੌਲ ਗੁਰਮਤਿ ਅਨੁਸਾਰੀ ਨਾ ਹੋਣਾ - ਬਹੁਤ ਵਾਰ ਇਹ ਵੀ ਦੇਖਣ 'ਚ ਆਇਆ ਹੈ ਕਿ ਘਰ ਦਾ ਮਾਹੌਲ ਗੁਰਮਤਿ ਅਨੁਸਾਰੀ ਨਾ ਹੋਣ ਕਾਰਨ ਬੱਚੇ ਸਿੱਖੀ ਸਰੂਪ ਦੀ ਸੰਭਾਲ ਕਰਨ ਤੋਂ ਅਸਮਰਥ ਹੋ ਜਾਂਦੇ ਹਨ ਤੇ ਉਹ ਕੇਸ ਕਤਲ ਕਰਵਾ ਕੇ ਸਿੱਖੀ ਮਾਰਗ ਤੋਂ ਥਿੜਕ ਜਾਂਦੇ ਹਨ।ਉਹਨਾਂ ਦੀ ਇਹ ਭਟਕਣਾ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਖਰਾਬ ਤੇ ਬਰਬਾਦ ਕਰ ਦਿੰਦੀ ਹੈ।ਜੇ ਘਰ 'ਚ ਮਾਤਾ-ਪਿਤਾ ਜਾਂ ਭੈਣ-ਭਰਾ ਜਾਂ ਚਾਚੇ-ਤਾਏ ਕੇਸਾਂ ਦਾ ਕਤਲ ਕਰਵਾਉਣਗੇ ਤਾਂ ਬੱਚਿਆਂ 'ਤੇ ਇਸ ਗੱਲ ਦਾ ਪ੍ਰਭਾਵ ਪੈਣਾ ਸੁਭਾਵਕ ਹੀ ਹੈ ਤੇ ਬੱਚੇ ਵੀ ਆਪਣੇ ਤੋਂ ਵੱਡਿਆਂ ਵੱਲ ਦੇਖ ਕੇ ਕੇਸਾਂ ਦੀ ਬੇਅਦਬੀ ਕਰਨੀ ਆਰੰਭ ਕਰ ਦੇਣਗੇ। ਇਸ ਲਈ ਬੱਚਿਆਂ ਨੂੰ ਪ੍ਰੇਰਤ ਕਰਨ ਤੋਂ ਪਹਿਲਾਂ ਆਪਣੇ ਵੱਲ ਤੇ ਆਪਣੇ ਪਰਿਵਾਰ ਵੱਲ ਜ਼ਰੂਰ ਨਜ਼ਰ ਮਾਰ ਕੇ ਦੇਖੀਏ ਕਿ ਕਿਤੇ ਸਾਡੇ ਕਰਕੇ ਤਾਂ ਸਾਡੇ ਬੱਚੇ ਆਪਣੇ ਵਿਰਸੇ ਤੋਂ ਦੂਰ ਨਹੀਂ ਹੋ ਰਹੇ।ਦਸਤਾਰ ਸਜਾਉਣ ਤੋਂ ਅਸਮਰਥ - ਇਹ ਵੀ ਦੇਖਣ 'ਚ ਆਇਆ ਹੈ ਕਿ ਜੇ ਬੱਚਿਆਂ ਨੂੰ ਸਮੇਂ ਸਿਰ ਦਸਤਾਰ ਸਜਾਉਣ ਦੀ ਸਿਖਲਾਈ ਦੇ ਦਿੱਤੀ ਜਾਵੇ ਤਾਂ ਬੱਚਿਆਂ ਨੂੰ ਕੇਸਾਂ ਦੀ ਸੰਭਾਲ ਕਰਨ 'ਚ ਬਹੁਤ ਅਸਾਨੀ ਹੋ ਜਾਂਦੀ ਹੈ।ਪਰ, ਇਸ ਦੇ ਉਲਟ ਜੇ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਸਮੇਂ ਸਿਰ ਨਾ ਦਿੱਤੀ ਜਾਵੇ ਤਾਂ ਬੱਚੇ ਦਸਤਾਰ ਸਜਾਉਣ ਤੋਂ ਅਸਮਰਥ ਹੋਣ ਕਾਰਨ ਆਪਣੇ ਕੇਸਾਂ ਦੀ ਸੰਭਾਲ ਸਹੀ ਢੰਗ ਨਾਲ ਨਹੀਂ ਕਰ ਪਾਂਦੇ, ਜਿਸ ਕਾਰਨ ਉਹ ਆਪਣੇ ਕੇਸਾਂ ਦਾ ਕਤਲ ਹੀ ਕਰਾ ਦਿੰਦੇ ਹਨ।ਕਈ ਵਾਰ ਮਾਤਾ-ਪਿਤਾ ਨੂੰ ਜਾਂ ਬੱਚਿਆਂ ਨੂੰ ਕਿਸੇ ਝੂਠੀ ਮੈਡੀਕਲ ਰਿਪੋਰਟ ਨੂੰ ਆਧਾਰ ਬਣਾ ਕੇ ਇਹ ਕਹਿੰਦੇ ਵੀ ਸੁਣਿਆ ਗਿਆ ਹੈ ਕਿ ਬੱਚੇ ਨੂੰ ਦਸਤਾਰ ਸਜਾਉਣ ਨਾਲ, ਉਸਦੇ ਸਿਰ 'ਚ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ ਜਾਂ ਸਿਰ ਭਾਰਾ ਰਹਿਣਾ ਸ਼ੁਰੂ ਹੋ ਜਾਂਦਾ ਹੈ।ਇਹ ਤੱਥਾਂ ਤੋਂ ਰਹਿਤ ਨਿਰਾ ਝੂਠ ਹੈ ਤੇ ਆਪਣੀ ਕਮਜ਼ੋਰੀ ਨੂੰ ਲੁਕਾਉਣ ਲਈ ਲਿਆ ਝੂਠ ਦਾ ਸਹਾਰਾ ਹੈ।ਕਿਸੇ ਵੀ ਮੈਡੀਕਲ ਸਾਇੰਸ ਨੇ ਅੱਜ ਤੱਕ ਇਸ ਦੀ ਤਾਈਦ (ਪ੍ਰੋੜ੍ਹਤਾ) ਨਹੀਂ ਕੀਤੀ ਤੇ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਕੇਸ ਰੱਖਣ ਲਈ, ਕੇਸਾਂ ਨਾਲ ਪਿਆਰ ਕਰਨ ਲਈ, ਕੇਸਾਂ ਦਾ ਸਤਿਕਾਰ ਕਰਨ ਲਈ ਸਿੱਖਾਂ ਨੂੰ ਸਾਇੰਸ ਦੀ ਪ੍ਰੋੜਤਾ ਦੀ ਲੋੜ ਨਹੀਂ, ਸਗੋਂ ਇਹ ਤਾਂ ਗੁਰੂ ਸਾਹਿਬਾਨ ਦਾ ਆਦੇਸ਼ ਹੈ, ਜਿਸਨੂੰ ਮੰਨਣਾ ਹਰ ਸਿੱਖ ਦਾ ਮੁੱਢਲਾ ਫਰਜ਼ ਬਣਦਾ ਹੈ।ਇਸ ਲਈ ਬਹੁਤ ਜ਼ਰੂਰੀ ਹੈ ਕਿ ਬੱਚਿਆਂ ਨੂੰ 10 ਤੋਂ 11 ਸਾਲ ਦੀ ਉਮਰ ਤੋਂ ਹੀ ਦਸਤਾਰ ਸਜਾਉਣ ਦੀ ਸਿਖਲਾਈ ਦਾ ਪ੍ਰਬੰਧ ਕਰਕੇ ਦੇਈਏ ਜੀ ਤਾਂ ਜੋ ਵੱਡੇ ਹੋ ਕੇ ਬੱਚਿਆਂ ਨੂੰ ਦਸਤਾਰ ਸਜਾਉਣ ਜਾਂ ਕੇਸਾਂ ਦੀ ਸੰਭਾਲ ਕਰਨ 'ਚ ਕੋਈ ਮੁਸ਼ਕਲ ਨ ਆਵੇ।ਪਟਕਾ ਬੰਨਣਾ ਤਾਂ ਬਹੁਤ ਛੋਟੀ ਉਮਰ 'ਚ ਹੀ ਸਿਖਾ ਦੇਣਾ ਚਾਹੀਦਾ ਹੈ।ਕੇਸ ਗੁਰੂ ਦੀ ਮੋਹਰ ਹਨ।ਇਸ ਲਈ ਕੇਸਾਂ ਨਾਲ ਪਿਆਰ ਕਰਨਾ ਤੇ ਕੇਸਾਂ ਦਾ ਸਤਿਕਾਰ ਕਰਨਾ ਹਰ ਸਿੱਖ ਦਾ ਮੁੱਢਲਾ ਫਰਜ਼ ਹੈ।ਕੇਸਾਂ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਬੱਚਿਆਂ ਨੂੰ ਆਰੰਭ ਤੋਂ ਹੀ ਕੇਸ ਢੱਕ ਕੇ ਰੱਖਣ ਦੀ ਆਦਤ ਪਾਉਣੀ ਚਾਹੀਦੀ ਹੈ।ਬੱਚਿਆਂ ਨੂੰ ਕੇਸਾਂ ਦੀ ਮਹੱਤਤਾ ਨਾਲ ਸਬੰਧਤ ਪ੍ਰੇਰਨਾਦਾਇਕ ਸਾਖੀਆਂ ਅਤੇ ਉਹਨਾਂ ਤੋਂ ਮਿਲਦੀ ਸਿੱਖਿਆ ਬਾਰੇ ਜਾਣੂ ਕਰਵਾਉਣਾ ਹਰ ਮਾਤਾ-ਪਿਤਾ ਦਾ ਮੁੱਢਲਾ ਫਰਜ਼ ਬਣਦਾ ਹੈ।ਜਿਵੇਂ ਕਿ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਭਾਈ ਤਾਰੂ ਸਿੰਘ ਜੀ ਨੇ ਕੇਸਾਂ ਨਾਲ ਪਿਆਰ ਤੇ ਸਤਿਕਾਰ ਕਰਦੇ ਹੋਏ ਆਪਣਾ ਸਿਰ ਕਤਲ ਕਰਵਾਉਣਾ ਭਾਵ ਸ਼ਹੀਦ ਹੋਣਾ ਮਨਜ਼ੂਰ ਕਰ ਲਿਆ, ਪਰ ਕੇਸ ਕਤਲ ਨਹੀਂ ਕਰਵਾਏ।ਇਸੇ ਤਰ੍ਹਾਂ ਹੀ ਪੀਰ ਬੁੱਧੂ ਸ਼ਾਹ ਜੀ ਜਦੋਂ ਜੰਗ ਜਿੱਤ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੇ ਤਾਂ ਸਤਿਗੁਰੂ ਜੀ ਨੇ ਖੁਸ਼ੀ ਖੁਸ਼ੀ ਕਿਹਾ-ਪੀਰ ਜੀ ਮੰਗੋ ਕੀ ਮੰਗਣਾ ਜੇ।ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿਰ ਦੇ ਕੇਸਾਂ 'ਚ ਕੰਘਾ ਕਰ ਰਹੇ ਸਨ। ਪੀਰ ਜੀ ਕਹਿਣ ਲੱਗੇ, ਪਾਤਸ਼ਾਹ! ਜੇ ਤਰੁੱਠੇ ਹੋ ਤਾਂ ਕਿਰਪਾ ਕਰ ਦਿਓ-ਆਹ, ਕੇਸਾਂ ਸਮੇਤ ਕੰਘਾ ਮੈਨੂੰ ਬਖ਼ਸ਼ ਦਿਓ।ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਕੰਘਾ, ਜਿਸ ਵਿੱਚ ਕੁਝ ਕੇਸ ਅੜੇ ਹੋਏ ਸਨ, ਬਖਸ਼ਿਸ਼ ਵਜੋਂ ਪੀਰ ਜੀ ਦੀ ਝੋਲੀ 'ਚ ਪਾ ਕੇ ਪੀਰ ਬੁੱਧੂ ਸ਼ਾਹ ਨੂੰ ਕਿਰਤਾਰਥ ਕਰ ਦਿੱਤਾ।

ਇਹ ਜਾਂ ਇਹੋ ਜਿਹੀਆਂ ਹੋਰ ਸਾਖੀਆਂ ਬੱਚਿਆਂ ਨੂੰ ਨਿਰੰਤਰ ਸੁਣਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਆਪਣੇ ਗੌਰਵਮਈ ਵਿਰਸੇ ਦੀ ਪ੍ਰੇਰਨਾ ਸਦਕਾ ਕੇਸਾਂ ਪ੍ਰਤੀਪਿਆਰ ਤੇ ਸਤਿਕਾਰ ਬਣਿਆ ਰਹੇ।ਕੇਸਾਂ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ, ਕੰਘੇ 'ਚ ਆਏ ਕੇਸਾਂ ਨੂੰ ਸੰਭਾਲ ਕੇ ਇਕ ਥਾਂ ਇਕੱਤਰ ਕਰਦੇ ਰਹਿਣਾ ਚਾਹੀਦਾ ਹੈ ਤੇ ਕੁਝ ਦਿਨਾਂ ਬਾਅਦ ਇਹਨਾਂ ਇਕੱਤਰ ਕੀਤੇ ਕੇਸਾਂ ਨੂੰ ਅਗਨ ਭੇਂਟ ਕਰ ਦੇਣਾ ਚਾਹੀਦਾ ਹੈ।ਇਸ ਤਰ੍ਹਾਂ ਕਰਕੇ ਹੀ ਅਸੀਂ ਕੇਸਾਂ ਪ੍ਰਤੀ ਪੂਰਨ ਪਿਆਰ ਤੇ ਸਤਿਕਾਰ ਕਾਇਮ ਰੱਖ ਸਕਾਂਗੇ।

*ਸ. ਪਰਮਜੀਤ ਸਿੰਘ ਸੁਚਿੰਤਨ*

# ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ

ਪਿਆਰਿਓ, ਦੁਨਿਆਵੀ ਰਿਸ਼ਤੇ ਇੱਕ ਟੁੱਟੇ ਹੋਏ ਕੱਚ ਦੇ ਸ਼ੀਸ਼ੇ ਦੀ ਤਰ੍ਹਾਂ ਹੁੰਦੇ ਹਨ। ਇਨ੍ਹਾਂ ਸੰਸਾਰੀ ਰਿਸ਼ਤਿਆਂ ਦਾ ਕਦੇ ਵੀ ਪਤਾ ਨਹੀਂ ਹੁੰਦਾ ਕਿ ਇਨ੍ਹਾਂ ਕੱਚ ਦੇ ਸ਼ੀਸ਼ੇ ਵਾਂਗੂੰ ਕਿਸ ਵੇਲੇ, ਕਿੱਥੇ ਅਤੇ ਕਿਸ ਜਗ੍ਹਾ 'ਤੇ ਤਿੜਕ ਜਾਣਾ ਹੁੰਦਾ ਹੈ।ਇਹ ਸੰਸਾਰੀ ਰਿਸ਼ਤੇ ਸਿਰਫ਼ ਇਕ-ਦੂਜੇ ਪ੍ਰਤੀ ਕੰਮਾਂ-ਕਾਰਾਂ ਦੀ ਪ੍ਰਾਪਤੀ ਤਕ ਹੀ ਸੀਮਿਤ ਹੁੰਦੇ ਹਨ।ਪਿਆਰਿਓ, ਇਨ੍ਹਾਂ ਰਿਸ਼ਤਿਆਂ ਦਾ ਇਕ ਬਿਰਦ ਹੁੰਦਾ ਹੈ ਕਿ ਜਿਨ੍ਹਾਂ ਚਿਰ ਤਕ ਕੋਈ ਇਨਸਾਨ ਆਪਣੇ ਭੈਣ-ਭਰਾਵਾਂ, ਦੋਸਤਾਂ-ਮਿੱਤਰਾਂ ਅਤੇ ਸਾਕ-ਸੰਬੰਧੀਆਂ ਦੇ ਕੰਮਾਂ-ਕਾਰਾਂ ਵਿਚ ਪੂਰਾ ਪੂਰਾ ਸਾਥ ਦਿੰਦਾ ਰਹਿੰਦਾ ਹੈ ਅਤੇ ਉਨ੍ਹਾਂ ਦੇ ਦੁਨਿਆਵੀ ਕੰਮਾਂ-ਕਾਰਾਂ ਨੂੰ ਆਪਣਾ ਵੱਡਾ ਫ਼ਰਜ਼ ਸਮਝ ਕੇ ਕਰਦਾ ਰਹਿੰਦਾ ਹੈ, ਉਨ੍ਹਾਂ ਚਿਰ ਤਾਂ ਇਹ ਦੁਨਿਆਵੀ ਰਿਸ਼ਤੇ ਇਕ ਚੱਟਾਨ ਦੀ ਤਰ੍ਹਾਂ ਜੁੜੇ ਹੋਏ ਬਹੁਤ ਹੀ ਮਜ਼ਬੂਤ ਦਿਸਣ ਲੱਗਦੇ ਹਨ ਪਰ ਜਦੋਂ ਕੋਈ ਵੀ ਇਨਸਾਨ ਆਪਣੇ ਭੈਣ-ਭਰਾਵਾਂ, ਦੋਸਤਾਂ-ਮਿੱਤਰਾਂ ਅਤੇ ਸਾਕ-ਸੰਬੰਧੀਆਂ ਨੂੰ ਕਿਸੇ ਵੀ ਕੰਮ ਤੋਂ ਆਪਣੀ ਅਸਮਰੱਥਾ ਦਿਖਾਉਣ ਲੱਗ ਜਾਂਦਾ ਹੈ ਜਾਂ ਉਹ ਉਨ੍ਹਾਂ ਮੁਤਾਬਕ ਚੱਲਣ ਤੋਂ ਨਾਂਹ ਕਰ ਦਿੰਦਾ ਹੈ ਤਾਂ ਦੁਨੀਆ ਵਿਚ ਵਿਚਰਨ 'ਤੇ ਆਮ ਹੀ ਵੇਖੀਦਾ ਹੈ ਕਿ ਇਹ ਦੁਨਿਆਵੀ ਰਿਸ਼ਤੇ ਟੁੱਟਦੇ ਕੀ, ਦੁਸ਼ਮਣਾਂ ਨਾਲੋਂ ਵੀ ਵੱਧ ਇਕ-ਦੂਜੇ ਪ੍ਰਤੀ ਨਫ਼ਰਤ ਕਰਨ ਲੱਗ ਜਾਂਦੇ ਹਨ। ਇਸੇ ਪ੍ਰਥਾਇ ਹੀ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਪਾਵਨ ਬਾਣੀ ਦੇ ਪਾਵਨ ਬੋਲਾਂ ਵਿਚ ਇਨ੍ਹਾਂ ਦੁਨਿਆਵੀਂ ਰਿਸ਼ਤਿਆਂ ਦੀ ਹੋਂਦ ਪ੍ਰਤੀ ਆਪਣਾ ਉਪਦੇਸ਼ ਦਿੱਤਾ ਹੈ ਕਿ ਪਿਆਰਿਆ:

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥

ਜਿਤ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥

(ਅੰਗ ੬੬੦)

ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ (ਅੰਗ ੯੧੮)

ਮਹਾਨ ਸਤਿਗੁਰੂ ਜੀ ਆਪਣੇ ਇਸ ਪਾਵਨ ਉਪਦੇਸ਼ ਵਿਚ ਮਨੁੱਖ ਨੂੰ ਬਹੁਤ ਹੀ ਸੁਚੇਤ ਕਰ ਰਹੇ ਹਨ ਕਿ ਪਿਆਰਿਆ, ਇਹ ਜੋ ਵੀ ਸੰਸਾਰ ਵਿਚ ਸਭ ਰਿਸ਼ਤੇ ਇਕ-ਦੂਜੇ ਨਾਲ ਜੁੜੇ ਹੋਏ ਹਨ ਇਹ ਸਭ ਆਪੋ-ਆਪਣੇ ਮਤਲਬ ਲਈ ਹੀ ਇਕ ਦੂਜੇ ਨਾਲ ਜੁੜੇ ਹੋਏ ਹਨ। ਯਾਦ ਰੱਖੀਂ, ਜਿਸ ਦਿਨ ਤੂੰ ਇਨ੍ਹਾਂ ਦੁਨਿਆਵੀ ਭੈਣ-ਭਰਾਵਾਂ, ਦੋਸਤਾਂ-ਮਿੱਤਰਾਂ ਅਤੇ ਸਭ ਸਾਕ-ਸੰਬੰਧੀਆਂ ਨੂੰ ਉਨ੍ਹਾਂ ਦੇ ਕਿਸੇ ਵੀ ਕੰਮ-ਕਾਰ ਕਰਨ ਤੋਂ ਅਸਮਰੱਥਾ ਜ਼ਾਹਿਰ ਕਰ ਦਿੱਤੀ ਤਾਂ ਇਹ ਸੰਸਾਰੀ ਕੁਟੰਬ ਦੇ ਸਾਰੇ ਸਾਕ-ਸੰਬੰਧੀ ਤੈਨੂੰ ਇਸ ਤਰ੍ਹਾਂ ਨਕਾਰ ਕੇ ਰੱਖ ਦੇਣਗੇ ਜਿਸ ਤਰ੍ਹਾਂ ਦੁਨੀਆ ਵਿਚ ਜਿਊਂਦੇ ਜੀਅ ਇਸ ਦਾ ਸਾਡੇ ਨਾਲ ਕੋਈ ਰਿਸ਼ਤਾ ਤਕ ਨਹੀਂ ਹੁੰਦਾ ।ਸੋ ਪਿਆਰਿਆ, ਜਦੋਂ ਤੈਨੂੰ ਮਹਾਨ ਸਤਿਗੁਰੂ ਜੀ ਦੇ ਪਾਵਨ ਉਪਦੇਸ਼ਾਂ ਮੁਤਾਬਕ ਇਨ੍ਹਾਂ ਦੁਨਿਆਵੀ ਰਿਸ਼ਤਿਆਂ ਦੀ ਅਸਲ ਅਸਲੀਅਤ ਦਾ ਸਭ ਕੁਝ ਪਤਾ ਲੱਗ ਗਿਆ ਤਾਂ ਉਸ ਦਿਨ ਤੈਨੂੰ ਵੱਡੀ ਸਮਝ ਪੈ ਜਾਵੇਗੀ ਕਿ ਇਸ ਸੰਸਾਰ ਵਿਚ ਰੱਬ ਤੋਂ ਸਿਵਾਏ ਇਨਸਾਨ ਦਾ ਹੋਰ ਕੋਈ ਵੀ ਆਸਰਾ ਨਹੀਂ ਹੈ, ਐਸੀ ਵੱਡੀ ਸੋਝੀ ਪ੍ਰਗਟ ਹੋਣ 'ਤੇ ਐਸਾ ਪਿਆਰਾ ਸਿੱਖ ਮਹਾਨ ਸਤਿਗੁਰੂ ਜੀ ਦੇ ਇਸ ਪਾਵਨ ਉਪਦੇਸ਼ ਦੀ ਵੱਡੀ ਕਮਾਈ ਕਰਨੀ ਸ਼ੁਰੂ ਕਰ ਦਿੰਦਾ ਹੈ ਕਿ ਸਤਿਗੁਰੂ ਜੀ:

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ (ਅੰਗ ੧੦੩)

ਸੋ ਜਿਹੜਾ ਵੀ ਗੁਰੂ ਕਾ ਪਿਆਰਾ ਸਿੱਖ ਮਹਾਨ ਸਤਿਗੁਰੂ ਜੀ ਦੇ ਇਸ ਪਵਿੱਤਰ ਉਪਦੇਸ਼ ਨੂੰ ਆਪਣੇ ਹਿਰਦੇ ਅੰਦਰ ਦ੍ਰਿੜ੍ਹ ਕਰ ਕੇ ਕਮਾਉਣ ਦਾ ਯਤਨ ਸ਼ੁਰੂ ਕਰ ਲੈਂਦਾ ਹੈ, ਐਸਾ ਪਿਆਰਾ ਸਿੱਖ ਦੁਨੀਆ ਦੇ ਤਮਾਮ ਦੁਨਿਆਵੀ ਰਿਸ਼ਤਿਆਂ ਤੋਂ ਉੱਪਰ ਉੱਠ ਕੇ, ਉਹ ਮਹਾਨ ਸਤਿਗੁਰੂ ਜੀ ਨੂੰ ਹੀ ਆਪਣਾ ਮਾਂ-ਪਿਉ, ਭੈਣ-ਭਰਾ ਅਤੇ ਸਾਕ-ਸੰਬੰਧੀ ਸਮਝਣ ਲੱਗ ਪੈਂਦਾ ਹੈ ਅਤੇ ਐਸਾ ਪਿਆਰਾ ਸਿੱਖ ਦੁਨੀਆ ਦੇ ਤਮਾਮ ਦੁਨਿਆਵੀ ਰਿਸ਼ਤਿਆਂ ਦੇ ਵੱਡੇ-ਵੱਡੇ ਧੜਿਆਂ ਨੂੰ ਤਿਲਾਂਜਲੀ ਦੇ ਕੇ, ਉਹ ਆਪਣੇ ਮਹਾਨ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿਚ ਹੀ ਆਪਣਾ ਸਾਰਾ ਜੀਵਨ ਸਮਰਪਿਤ ਕਰ ਦਿੰਦਾ ਹੈ ਅਤੇ ਐਸਾ ਪਿਆਰਾ ਸਿੱਖ ਆਪਣੇ ਗੁਰਸਿੱਖੀ ਦੇ ਪਿਆਰੇ ਜੀਵਨ ਨੂੰ ਜੀਅ ਕੇ ਇਸ ਪਵਿੱਤਰ ਹੁਕਮ ਮੁਤਾਬਕ ਢਾਲਣ ਦਾ ਪੂਰਾ-ਪੂਰਾ ਯਤਨ ਕਰਨ ਲੱਗ ਜਾਂਦਾ ਹੈ ਕਿ:

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥

ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥

ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥

ਹਮਾਰਾ ਧੜਾ ਹਰਿ ਰਹਿਆ ਸਮਾਈ॥੧॥ (ਅੰਗ ੩੬੬)

ਸੋ ਸਤਿਗੁਰੂ ਜੀ ਦੇ ਇਸ ਪਾਵਨ ਹੁਕਮ ਮੁਤਾਬਕ ਇਕ ਦੁਨੀਆਦਾਰ ਮਨੁੱਖ ਆਪਣੇ ਸਭ ਦੋਸਤਾਂ-ਮਿਤਰਾਂ, ਭੈਣ-ਭਰਾਵਾਂ ਅਤੇ ਪੁੱਤਰਾਂ-ਧੀਆਂ ਨੂੰ ਹੀ ਆਪਣਾ ਵੱਡਾ ਆਸਰਾ ਸਮਝਦਾ ਹੈ ਜਾਂ ਉਹ ਆਪਣੇ ਕੁੜਮ, ਚਾਚੇ-ਤਾਏ, ਮਾਮੇ-ਮਾਸੜ, ਜਵਾਈ ਜਾਂ ਹੋਰ ਦੁਨਿਆਵੀ ਸਾਕ-ਸੰਬੰਧੀਆਂ ਨੂੰ ਹੀ ਆਪਣਾ ਵੱਡਾ ਆਸਰਾ ਸਮਝਦਾ ਹੈ ਜਾਂ ਉਹ ਦੁਨੀਆ ਦੇ ਬਹੁਤ ਵੱਡੇ ਵੱਡੇ ਚੌਧਰੀਆਂ, ਪ੍ਰਧਾਨ ਜਾਂ ਹੋਰ ਵੱਡੇ-ਵੱਡੇ ਅਹੁਦਿਆਂ ਵਾਲੇ ਮਾਇਆਧਾਰੀ ਮਨੁੱਖਾਂ ਨੂੰ ਹੀ ਆਪਣਾ ਵੱਡਾ ਆਸਰਾ ਸਮਝਦਾ ਹੈ ਪਰ, ਧੰਨ ਹੁੰਦਾ ਹੈ ਉਹ ਗੁਰੂ ਕਾ ਪਿਆਰਾ ਸਿੱਖ, ਜਿਹੜਾ ਇਨ੍ਹਾਂ ਦੁਨੀਆ ਦੇ ਤਮਾਮ ਰਿਸ਼ਤਿਆਂ ਤੋਂ ਉਤਾਂਹ ਉੱਠ ਕੇ ਆਪਣੇ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਅਸਲ ਆਸਰਾ ਸਮਝ ਬੈਠਦਾ ਹੈ ਐਸਾ ਪਿਆਰਾ ਸਿੱਖ ਆਪਣੇ ਮਹਾਨ ਸਤਿਗੁਰੂ ਜੀ ਦੇ ਡਰ ਅਤੇ ਪਿਆਰ ਵਿਚ ਰਹਿ ਕੇ ਇੰਨਾ ਬੇਪਰਵਾਹ ਅਤੇ ਨਿਡਰ ਹੋ ਜਾਂਦਾ ਹੈ ਕਿ ਐਸੇ ਰੱਬੀ ਪਿਆਰੇ ਨੂੰ ਸੰਸਾਰ ਕੀ, ਸੰਸਾਰ ਵਿਚ ਰਹਿੰਦੇ ਹੋਏ ਸਭ ਜੀਵ-ਜੰਤੂ ਵੀ ਉਸ ਨੂੰ ਬਹੁਤ ਪਿਆਰ ਕਰਨ ਲੱਗ ਜਾਂਦੇ ਹਨ।ਸੋ ਗੁਰੂ ਕਿ ਪਿਆਰਿਓ, ਆਉ ਅੱਜ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਜਾਈਏ ਅਤੇ ਮਹਾਨ ਸਤਿਗੁਰੂ ਜੀ ਦੇ ਪਾਵਨ ਹੁਕਮਾਂ ਮੁਤਾਬਕ, ਇਨ੍ਹਾਂ ਦੁਨਿਆਵੀ ਰਿਸ਼ਤਿਆਂ ਵਿਚ ਵਿਚਰਦੇ ਹੋਏ ਅਤੇ ਇਨ੍ਹਾਂ ਦੁਨਿਆਵੀ ਰਿਸ਼ਤਿਆਂ ਤੋਂ ਉਤਾਂਹ ਉੱਠ ਕੇ ਸਦਾ-ਸਦਾ ਲਈ ਆਪਣੇ ਮਹਾਨ ਸਤਿਗੁਰੂ ਜੀ ਨੂੰ ਹੀ ਆਪਣਾ ਮਾਂ-ਪਿਉ, ਭੈਣ-ਭਰਾ, ਦੋਸਤ-ਮਿੱਤਰ ਅਤੇ ਸਾਕ ਸੰਬੰਧੀ ਸਮਝ ਕੇ, ਆਪਣੇ ਪਿਆਰੇ ਸਤਿਗੁਰੂ ਜੀ ਦੀ ਪਿਆਰੀ ਗੋਦੀ ਦਾ ਸਦਾ ਸਦਾ ਲਈ ਅਨੰਦ ਮਾਣਦੇ ਰਹੀਏ।

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ (ਸ੍ਰੀ ਅੰਮ੍ਰਿਤਸਰ)*

# ਰੱਬ ਖੋਟੇ ਵੀ ਖਰੇ ਕਰ ਦੇਂਦਾ ਹੈ

ਮੈਂ ਤੀਸਰੀ ਜਮਾਤ ਵਿਚ ਪੜ੍ਹਦਾ ਸਾਂ।ਕਿਤੋਂ ਇਕ ਖੋਟਾ ਰੁਪਿਆ ਮੇਰੇ ਪਾਸ ਆ ਗਿਆ।ਉਹ ਇਤਨਾ ਖੋਟਾ ਸੀ ਕਿ ਜਿਸ ਕਿਸੇ ਨੂੰ ਦਿੱਤਾ ਉਸ ਨੇ ਭੈੜੀ ਤਰ੍ਹਾਂ ਮੇਰੇ ਵਲ ਵੇਖਿਆ ਤੇ ਰੁਪਿਆ ਮੋੜ ਦਿਤਾ।ਮੈਂ ਫਿਰ ਉਹ ਕਿਤੇ ਚਲਾਣ ਦਾ ਖ਼ ਆਲ ਤਿਆਗ ਦਿੱਤਾ, ਪਰ ਉਹ ਮੈਂ ਆਪਣੀ ਜੇਬ ਵਿਚ, ਪਤਾ ਨਹੀਂ ਕਿਉਂ, ਰਖ ਛੱਡਿਆ। ਜਦ ਕਪੜੇ ਬਦਲਾਂ ਵੀ ਤਾਂ ਮੈਲੀ ਕਮੀਜ਼ ਵਿਚੋਂ ਕੱਢ ਕੇ ਉਜਲੀ ਦੀ ਜੇਬ ਵਿਚ ਪਾ ਲਿਆ ਕਰਾਂ।

ਇਕ ਦਿਨ ਬਸਤਾ ਕੱਛੇ ਮਾਰੀ ਇਕ ਮੁਸਲਮਾਨ ਫ਼ਕੀਰ ਮੈਨੂੰ ਰਾਹ ਵਿਚ ਰੋਕ ਕੇ ਆਖਣ ਲਗਾ, "ਬੇਟਾ ਫ਼ਕੀਰ ਕੋ ਰੋਟੀ ਖਿਲਾ ਦੋ।" ਮੈਂ ਕਿਹਾ, "ਮੇਰੇ ਕੋਲ ਤਾਂ ਪੈਸੇ ਕੋਈ ਨਹੀਂ ।ਕਹਿਣ ਲੱਗਾ, 'ਏਕ ਰੁਪਿਆ ਤੋ ਹੈ।" ਮੈਂ ਕਿਹਾ, 'ਉਹ ਤਾਂ ਖੋਟਾ ਹੈ।"ਕਹਿਣ ਲੱਗਾ, "ਮੁਝੇ ਮਾਲੂਮ ਹੈ, ਪਰ ਆਜ ਚਲੇਗਾ।" ਮੈਂ ਕਿਹਾ, 'ਜੇ ਚਲੇਗਾ, ਤਾਂ ਜ਼ਰੂਰ ਰੋਟੀ ਖੁਆਲ ਦਿਆਂਗਾ। ਨੁੱਕਰ ਤੇ ਨਾਨਬਾਈ ਦੀ ਦੁਕਾਨ ਸੀ।ਉਥੇ ਮੈਂ ਫ਼ਕੀਰ ਨੂੰ ਲੈ ਗਿਆ।ਮੈਂ ਪਹਿਲਾਂ ਰੁਪਿਆ ਜੇਬ 'ਚੋਂ ਕੱਢ ਕੇ ਨਾਨਬਾਈ ਨੂੰ ਦਿੱਤਾ ਤਾਂ ਜੁ ਜੇਕਰ ਉਸ ਨੂੰ ਖੋਟਾ ਲੱਗੇ ਤਾਂ ਤੁਰੰਤ ਮੋੜ ਦੇਵੇ। ਪਰ ਉਸ ਨੇ ਮੋੜਿਆ ਨਹੀਂ, ਸਗੋਂ ਮੇਰੇ ਵੱਲ ਵੇਖਣ ਲੱਗਾ ਕਿ ਮੈਂ ਕਿਸ ਲਈ ਦਿੱਤਾ ਹੈ। ਤਦ ਮੈਂ ਉਸ ਨੂੰ ਆਖਿਆ, "ਅੱਠ ਆਨੇ ਦੀ ਰੋਟੀ ਫ਼ਕੀਰ ਨੂੰ ਖੁਆ ਦੇ ਤੇ ਬਾਕੀ ਮੈਨੂੰ ਮੋੜ ਦੇ।" ਉਸ ਨੇ ਆਪਣੀ ਪੱਛੀ ਵਿਚੋਂ ਇਕ ਅਠਾਨੀ ਮੈਨੂੰ ਮੋੜ ਦਿੱਤੀ ਤੇ ਫ਼ਕੀਰ ਨੂੰ ਰੋਟੀ ਖਾਣ ਲਈ ਬੈਠਣ ਦਾ ਇਸ਼ਾਰਾ ਕੀਤਾ। ਮੈਂ ਫ਼ਕੀਰ ਨੂੰ ਸਲਾਮ ਕੀਤਾ ਤੇ ਇਜਾਜ਼ਤ ਲਈ।ਫ਼ਕੀਰ ਨੇ ਮੇਰੇ ਕੰਨ ਵਿਚ ਕਿਹਾ, 'ਨੀਅਤ ਰਾਸ ਰਖੀਏ ਤਾਂ ਰੱਬ ਆਪਣੀ ਮਿਹਰ ਨਾਲ ਖੋਟੇ ਵੀ ਖਰੇ ਕਰ ਦੇਂਦਾ ਹੈ।ਸਿਰਫ਼ ਸਿੱਕਿਆਂ ਨੂੰ ਹੀ ਨਹੀਂ, ਬੰਦਿਆਂ ਨੂੰ ਵੀ।

*ਡਾ. ਜਸਵੰਤ ਸਿੰਘ ਨੇਕੀ*

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

### ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

### ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar

# ਨਸ਼ੇ ਅਤੇ ਨੌਜਵਾਨ ਮਾਨਸਿਕਤਾ

ਨਸ਼ਿਆਂ ਨੂੰ ਜਿਸ ਤਰ੍ਹਾਂ ਬੀਮਾਰੀ ਅਤੇ ਨਸ਼ਾ-ਛੁਡਾਊ ਕੇਂਦਰਾਂ ਨੂੰ ਇਲਾਜ ਕੇਂਦਰ ਤਕ ਸੀਮਤ ਕਰ ਕੇ ਦੇਖਿਆ ਜਾ ਰਿਹਾ ਹੈ, ਇਹ ਇਸ ਤਰ੍ਹਾਂ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹ ਤੋਂ ਸਮਝਣ ਦੀ ਕੋਸ਼ਿਸ਼ ਨਹੀਂ ਹੈ। ਨਸ਼ੇ, ਇਕ ਸਮਾਜਿਕ ਸਮੱਸਿਆ ਹੈ, ਜਿਸ ਦੇ ਬੀਜ ਸਾਡੇ ਸਮਾਜਿਕ ਢਾਂਚੇ ਵਿਚ ਪਏ ਹਨ। ਜੇਕਰ ਹੋਰ ਬਰੀਕੀ ਨਾਲ ਸਮਝਣਾ ਹੋਵੇ ਤਾਂ ਇਹ ਸਮਾਜੀ-ਮਨੋਵਿਗਿਆਨਕ ਸਮੱਸਿਆ ਹੈ।

ਮਨੋਵਿਗਿਆਨ ਨੂੰ ਸਧਾਰਨ ਸ਼ਬਦਾਂ ਵਿਚ ਸਮਝਣਾ ਹੋਵੇ ਤਾਂ ਇਹ ਹੈ ਮਨੁੱਖ ਦਾ ਆਪਣਾ ਵਿਵਹਾਰ-ਵਰਤਾਉ।ਉਹ ਕੀ ਸੋਚਦਾ, ਮਹਿਸੂਸ ਕਰਦਾ ਹੈ ਤੇ ਕਿਸ ਤਰੀਕੇ ਨਾਲ ਕਾਰਜਸ਼ੀਲ ਹੁੰਦਾ ਨਜ਼ਰ ਆਉਂਦਾ ਹੈ।ਵਿਚਾਰਾਂ ਅਤੇ ਜਜ਼ਬਾਤਾਂ ਦਾ ਪ੍ਰਗਟਾਵਾ, ਮਨੁੱਖ ਦੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਨਸ਼ਿਆਂ ਦੇ ਸੰਬੰਧ ਵਿਚ ਅਸੀਂ ਅਕਸਰ ਦਰਸਾਉਂਦੇ ਹਾਂ, ਖਾਸ ਕਰ ਮਾਂ-ਪਿਉ ਆਪਣੇ ਜਵਾਨ ਬੱਚਿਆਂ ਬਾਰੇ ਕਹਿੰਦੇ ਹਨ- "ਤੂੰ ਏਨਾ ਵੱਡਾ ਹੋ ਗਿਆ, ਕੋਈ ਤੇਰੇ ਮੂੰਹ ਵਿਚ ਪਾਉਂਦਾ ਹੈ ਨਸ਼ਾ 'ਤੇਰੇ ਮੁੱਛਾਂ ਦਾੜੀ ਆ ਗਏ, ਕੋਈ ਜ਼ਬਰਦਸਤੀ ਕਰ ਸਕਦੈ ਤੇਰੇ ਨਾਲ', ਹੋਰ ਵੀ ਨੌਜਵਾਨ ਫਿਰਦੇ ਨੇ ਤੇਰੇ ਵਰਗੇ, ਮੈਂ ਹੈਗਾਂ, ਕਿਸੇ ਦੀ ਹਿੰਮਤ ਹੈ, ਮਤਲਬ ਤੂੰ ਹੀ ਇਸ ਸਮੱਸਿਆ ਦਾ ਜ਼ਿੰਮੇਵਾਰ ਹੈਂ।ਤੂੰ ਹੀ ਇਹ ਰੋਗ ਚੰਬੇੜਿਆ ਹੈ ਖ਼ੁਦ ਨੂੰ।

ਇਸ ਤਰ੍ਹਾਂ ਦੇ ਪ੍ਰਗਟਾਵੇ ਸਭ ਨੂੰ ਸਹੀ ਲਗਦੇ ਹਨ ਤੇ ਜਚਦੇ ਵੀ ਹਨ, ਪਰ ਇਹ ਇੰਨਾ ਸਧਾਰਨ ਨਹੀਂ ਹੈ। ਇਹ ਇਕ ਪੇਚੀਦਾ ਸਮੱਸਿਆ ਹੈ ਕਿ ਕਿਵੇਂ ਪਰਵਾਰ, ਸਮਾਜਿਕ ਆਲਾ-ਦੁਆਲਾ ਵਿਅਕਤੀ ਦੀ ਮਾਨਸਿਕਤਾ, ਉਸ ਦੀ ਸ਼ਖ਼ਸੀਅਤ ਉਸਾਰੀ ਕਰਦਾ ਹੈ, ਕਿਵੇਂ ਇਹੀ ਸਮਾਜ ਉਸ ਦੀ ਮਾਨਸਿਕਤਾ ਨੂੰ ਤੋੜਦਾ-ਮੜੋੜਦਾ ਤੇ ਖੇਰੂੰ-ਖੇਰੂੰ ਕਰਦਾ ਹੈ।ਸਮੱਸਿਆ ਨੂੰ ਵਿਅਕਤੀ ਦੀ ਨਿੱਜਤਾ ਨਾਲ ਜੋੜ ਕੇ ਅਸੀਂ ਇਸ ਸਮੱਸਿਆ ਨੂੰ ਸੁਲਝਾਉਣ ਦੇ ਰਾਹ ਨੂੰ ਭਟਕਾ ਦਿੰਦੇ ਹਾਂ ਤੇ ਸਾਡਾ ਸਾਰਾ ਜ਼ੋਰ ਨੌਜਵਾਨ ਨੂੰ ਤਾੜਨ, ਗੁੱਸੇ ਹੋਣ, ਗਾਲੀ-ਗਲੋਚ, ਮਾਰ ਕੁੱਟ ਤਕ ਜਾਂ ਨਸ਼ਾ-ਛੁਡਾਊ ਕੇਂਦਰ ਵਿਚ ਦਾਖ਼ਲ ਕਰਵਾਉਣ ਤਕ ਰਹਿ ਜਾਂਦਾ ਹੈ।

ਇਸ ਸਥਿਤੀ ਦਾ ਦੂਸਰਾ ਪੱਖ ਹੈ ਕਿ ਵਧੀਆ ਤੋਂ ਵਧੀਆ ਨਸ਼ਾ-ਛੁਡਾਊ ਕੇਂਦਰਾਂ ਦੀ ਕਾਰਗੁਜ਼ਾਰੀ, ਜੇਕਰ ਨੌਜਵਾਨ ਦੀ ਮਾਨਸਿਕਤਾ ਨੂੰ ਸੰਬੋਧਿਤ ਨਹੀਂ ਹੁੰਦੀ ਤੇ ਸਿਰਫ ਤੇ ਸਿਰਫ ਕੁਝ ਦਿਨ ਗੋਲੀਆਂ-ਟੀਕਿਆਂ ਰਾਹੀਂ ਹੁੰਦੀ ਹੈ ਤਾਂ ਇਸ ਦਾ ਕਾਰਗਰ ਅਸਰ ਦੇਖਣ ਨੂੰ ਨਹੀਂ ਮਿਲਦਾ। ਇਹ ਇਲਾਜ ਉਸ ਦੀ ਸਰੀਰਕ ਤੋੜ ਨੂੰ ਜ਼ਰੂਰ ਘੱਟ ਕਰ ਦਿੰਦਾ ਹੈ, ਪਰ ਮਾਨਸਿਕ ਬੇਚੈਨੀ, ਮਨ ਦੀ ਤੋੜ ਉਸ ਨੂੰ ਫਿਰ ਤੋਂ ਵਾਪਸ ਉਸੇ ਰਾਹ 'ਤੇ ਲੈ ਆਂਦੀ ਹੈ। ਇਸ ਲਈ ਦੇਖਣ ਵਿਚ ਆਇਆ ਹੈ ਕਿ ਅਲੱਗ-ਅਲੱਗ ਕੇਂਦਰਾਂ ਦੀ ਇਲਾਜ ਪ੍ਰਣਾਲੀ ਮੁਤਾਬਕ, ਮੁੜ ਨਸ਼ਾ ਸ਼ੁਰੂ ਕਰਨ ਦੀ ਦਰ 40 ਤੋਂ 80 ਫੀਸਦੀ ਤਕ ਦੇਖੀ ਗਈ ਹੈ।

ਵਧੀਆ, ਪ੍ਰਭਾਵਸ਼ਾਲੀ ਅਤੇ ਲੰਮੇ ਸਮੇਂ ਤਕ ਬਣੇ ਰਹਿਣ ਵਾਲੇ ਅਸਰ ਉੱਥੇ ਹੀ ਦੇਖੇ ਗਏ ਹਨ, ਜਿੱਥੇ ਨੌਜਵਾਨ ਨੂੰ ਨਸ਼ਾ-ਛੁਡਾਊ ਕੇਂਦਰ ਤੋਂ ਵਾਪਸ ਆਉਣ 'ਤੇ ਉਸ ਨੂੰ ਮਾਨਸਿਕ ਤੌਰ 'ਤੇ ਸੁਖਾਵਾਂ ਮਾਹੌਲ ਮਿਲਦਾ ਹੈ, ਜਦੋਂ ਉਸ ਦੀ ਮਾਨਸਿਕ ਉਲਝਣ ਨੂੰ ਸੰਬੋਧਿਤ ਹੋਇਆ ਜਾਂਦਾ ਹੈ।ਇਹ ਵੀ ਦੇਖਣ ਨੂੰ ਆਇਆ ਹੈ ਕਿ ਜਿੱਥੇ ਪਰਵਾਰ ਅਤੇ ਸਮਾਜ ਦੇ ਮੋਹਤਬਰ ਸਮੱਸਿਆ ਨੂੰ ਨੌਜਵਾਨ ਦੇ ਕਸੂਰ ਜਾਂ ਕਮੀ ਨਾਲ ਨਾ ਜੋੜ ਕੇ, ਉਸ ਦੀ ਬੇਚੈਨੀ ਨਾਲ ਜੋੜ ਕੇ ਦੇਖਦੇ ਹਨ ਤਾਂ ਉਸ ਨੂੰ ਪਿਆਰ ਅਤੇ ਠਰੰਮੇ ਨਾਲ, ਆਪਣੀ ਹਮਦਰਦੀ ਅਤੇ ਆਪਣੇਪਨ ਦੀ ਭਾਵਨਾ ਨਾਲ ਜੋੜਦੇ ਹਨ ਤਾਂ ਸਿੱਟੇ ਵਧੀਆ ਰਹਿੰਦੇ ਹਨ।ਇਸ ਤਰ੍ਹਾਂ ਇਹ ਜਿੱਥੇ ਨੌਜਵਾਨ ਦੀ ਉਲਝੀ ਮਾਨਸਿਕਤਾ ਨਾਲ ਜੁੜੀ ਸਮੱਸਿਆ ਹੈ, ਉੱਥੇ ਸਮਾਜਿਕ ਅਦਾਰਿਆਂ ਜਿਵੇਂ— ਮਾਤਾ-ਪਿਤਾ, ਅਧਿਆਪਕ, ਸਾਡੇ ਰਾਜਸੀ ਅਤੇ ਧਾਰਮਿਕ ਆਗੂਆਂ ਦੀ ਮਨੋਵਿਗਿਆਨਕ ਸਮਝ ਨਾਲ ਵੀ ਵਾਸਤਾ ਰੱਖਦੀ ਹੈ। ਤਾਂ ਹੀ ਇਸ ਨੂੰ ਸਮਾਜੀ ਮਨੋਵਿਗਿਆਨਕ ਤੌਰ 'ਤੇ ਜਾਣਨਾ ਅਤੇ ਸਮਝਣਾ ਜ਼ਰੂਰੀ ਹੈ। ਇਹ ਸਮਾਜਿਕ ਅਦਾਰੇ ਹੀ ਅੰਤ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ।ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਸਮਾਜ ਹੀ ਮਨੁੱਖੀ ਮਾਨਸਿਕਤਾ ਦਾ ਚਿਤੇਰਾ ਵੈ।

ਮਨੁੱਖੀ ਮਾਨਸਿਕਤਾ, ਵੈਸੇ ਤਾਂ ਜ਼ਿੰਦਗੀ ਦੇ ਸਾਰੇ ਪੜਾਵਾਂ 'ਤੇ ਹੀ ਨਾਲ ਹੁੰਦੀ ਹੈ ਤੇ ਰੋਜ਼ਮਰ੍ਹਾ ਦੇ ਵਰਤਾਰਿਆਂ ਤੋਂ ਪ੍ਰਭਾਵਿਤ ਹੁੰਦੀ ਹੈ, ਪਰ ਜ਼ਿੰਦਗੀ ਦਾ ਸਭ ਤੋਂ ਅਹਿਮ ਪੜਾਅ ਜਵਾਨੀ ਹੈ, ਜੋ ਸਾਨੂੰ ਕਈ ਤਰ੍ਹਾਂ ਦੀ ਉਮੀਦ ਨਾਲ ਜੋੜਦਾ ਹੈ ਕਿ ਇਸ ਨੇ ਘਰ-ਪਰਵਾਰ, ਦੇਸ਼-ਸਮਾਜ ਦੀ ਵਾਗਡੋਰ ਸੰਭਾਲਣੀ ਹੈ। ਇਸ ਲਈ ਸਭਦੀ ਪੂਰੀ ਕੋਸ਼ਿਸ਼ ਰਹਿੰਦੀ ਹੈ ਕਿ ਇਸ ਨੂੰ ਆਪਣੇ ਢੰਗ-ਤਰੀਕੇ ਨਾਲ ਉਸਾਰਿਆ ਜਾਵੇ ਜਾਂ ਕਹੀਏ ਢਾਲਿਆ ਜਾਵੇ।ਇਹ ਠੀਕ ਹੈ, ਹਰ ਪਰਵਾਰ ਅਤੇ ਸਮਾਜ ਦਾ ਆਪਣਾ ਸਰੂਪ ਹੁੰਦਾ ਹੈ, ਜਿਸ ਦੇ ਤਹਿਤ ਲੋਕ ਆਪਣੀ ਅਗਲੀ ਪੀੜ੍ਹੀ ਨੂੰ ਉਸ ਦੀ ਅਗਵਾਈ ਕਰਦਾ ਦੇਖਣਾ ਚਾਹੁੰਦੇ ਹਨ, ਪਰ ਸਰੀਰ ਦਾ ਇਕ ਕੁਦਰਤੀ ਵਿਕਾਸ ਹੈ, ਜਿਸ ਦੀ ਆਪਣੀ ਇਕ ਲੋੜ ਹੈ ਤੇ ਉਸੇ ਮੁਤਾਬਕ ਉਸ ਦੀ ਮੰਗ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਘਰ ਵਿਚ ਮਾਤਾ-ਪਿਤਾ ਨੂੰ ਅਤੇ ਸਕੂਲ ਵਿਚ ਅਧਿਆਪਕਾਂ ਨੂੰ ਇਸ ਉੱਪਰ ਦੇ ਸਹਿਜ ਵਿਕਾਸ ਤਹਿਤ ਹੋ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ ਬੱਚਿਆਂ-ਗਭਰੂਆਂ ਦੇ ਰੂਬਰੂ ਹੋਣਾ ਚਾਹੀਦਾ ਹੈ, ਜੋਕਿ ਅਕਸਰ ਨਹੀਂ ਹੁੰਦਾ।

ਬੱਚੇ-ਕਿਸ਼ੋਰ ਦਾ ਸਹਿਜ ਵਿਕਾਸ ਤੇ ਬੇਚੈਨੀ ਦਾ ਆਲਮ:

ਬੱਚਾ ਜਦੋਂ ਬੋਲਣ ਲਗਦਾ ਹੈ ਤਾਂ ਉਦੋਂ ਉਹ ਆਪਣੇ ਆਲੇ-ਦੁਆਲੇ ਤੋਂ ਜਾਣੂ ਹੋਣ ਲਗਦਾ ਹੈ। ਪਰਵਾਰ ਦੇ ਮੈਂਬਰਾਂ ਨੂੰ ਭਾਵੇਂ ਪਛਾਣਦਾ ਹੈ, ਪਰ ਹੁਣ ਇਕ ਨਾਂ, ਇਕ ਰਿਸ਼ਤਾ ਮਿਲਦਾ ਹੈ।ਪਾਪਾ, ਮੰਮੀ, ਦੀਦੀ, ਵੀਰਾ, ਦਾਦੂ, ਮਾਮੂ ਆਦਿ ਤੇ ਇਸ ਤਰ੍ਹਾਂ ਹੋਰ ਸਾਮਾਨ-ਮੇਜ, ਕੁਰਸੀ, ਪੱਖਾ, ਕੌਲੀ, ਚਮਚ।ਇਸ ਤਰ੍ਹਾਂ ਉਹ ਆਪਣੇ ਗਿਆਨ ਦਾ ਭੰਡਾਰ ਵਧਾਉਂਦਾ ਹੈ।ਇਸ ਤੋਂ ਅਗਲੇ ਪੜਾਅ ਤੇ ਉਸ ਨੂੰ ਇਕ ਹੋਰ ਸ਼ਬਦ ਮਿਲਦਾ ਹੈ ਮੇਰੀ ਮੰਮੀ, ਮੇਰਾ ਮੇਜ, ਮੇਰਾ ਖਿਡੌਣਾ ਆਦਿ।

ਇਹ ਗਿਆਨ ਦਾ ਸੰਸਾਰ ਉਸ ਦੀ ਜਿਗਿਆਸੂ ਪ੍ਰਵਿਰਤੀ ਕਰਕੇ ਵੀ ਹੈ, ਇਹ ਕੀ ਹੈ, ਉਹ ਕੀ ਹੈ ਤੇ ਕੁਝ ਇਸ ਵਿਚ ਮਾਂ-ਪਿਉ ਖ਼ੁਦ ਸਿਖਾਉਂਦੇ ਵੀ ਹਨ। ਬਚਪਨ ਦੇ ਵਿਕਾਸ ਨਾਲ ਉਸ ਦੇ ਕੋਲ ਦੋ ਭਾਵ ਆ ਜਾਂਦੇ ਹਨ, ਮੈਂ ਤੇ ਮੇਰਾ। ਇਹ ਸਿਰਫ ਆਲੇ-ਦੁਆਲੇ ਦੀ ਜਾਣਕਾਰੀ ਹੀ ਨਹੀਂ ਹੈ। ਇਹ ਆਲੇ-ਦੁਆਲੇ ਨਾਲ ਜੁੜਾਅ ਤੇ ਲਗਾਵ ਵੀ ਹੈ, ਜੋ ਬੱਚੇ ਦੇ ਹਾਵ-ਭਾਵ ਵਿਚ ਸਾਫ ਨਜ਼ਰ ਆਉਂਦਾ ਹੈ। ਉੱਪਰ ਦੇ ਦੂਸਰੇ ਪੜਾਅ 'ਤੇ ਪਹੁੰਚਦਿਆਂ, ਤਕਰੀਬਨ 13-14 ਸਾਲ ਦੀ ਉਮਰ 'ਤੇ ਉਸ ਵਿਚ ਇਕ ਹੋਰ ਕੁਦਰਤੀ ਗੁਣ ਵਿਕਸਿਤ ਹੁੰਦਾ ਹੈ ਤੇ ਪ੍ਰਗਟ ਹੁੰਦਾ ਹੈ ਕਿ ਉਹ 'ਕੀ' ਦੀ ਜਾਣਕਾਰੀ ਤੋਂ ਅੱਗੇ 'ਕਿਉਂ' ਬਾਰੇ ਵੀ ਜਾਣਨ ਦਾ ਇੱਛੁਕ ਹੁੰਦਾ ਹੈ।ਪਹਿਲੇ ਪੜਾਅ ਵਿਚ ਤੁਸੀਂ ਜੋ ਕਹੋ ਉਹ ਉਸੇ ਤਰ੍ਹਾਂ ਕਰਦਾ ਹੈ, ਇਸ ਪੜਾਅ 'ਤੇ ਪੁੱਛਦਾ ਹੈ ਕਿ ਮੈਂ ਕਿਉਂ ਕਰਾਂ ?ਇਸ ਤਰ੍ਹਾਂ ਉਹ ਹੁਣ ਆਪਣੇ ਆਪ ਨੂੰ ਵੀ ਮੁਖ਼ਾਤਬ ਹੁੰਦਾ ਹੈ ਤੇ ਸਵਾਲ ਖੜ੍ਹੇ ਕਰਦਾ ਹੈ, ਮੈਂ ਕੌਣ ਹਾਂ ?ਮੈਂ ਕੀ ਕਰਨਾ ਹੈ ?ਵੱਡਾ ਹੋ ਕੇ ਕੀ ਬਣਨਾ ਹੈ ?ਇਸ ਤੋਂ ਅੱਗੇ ਸਮਾਜ ਵਿਚ ਵਿਚਰਦਿਆਂ ਉਹ ਹੋਰ ਅਨੇਕਾਂ ਸਵਾਲਾਂ ਦੇ ਜਵਾਬ ਚਾਹੁੰਦਾ ਹੈ। ਮੈਂ ਕਾਲਾ ਕਿਉਂ ਹਾਂ ?ਮੈਂ ਗਿੱਠਾ ਕਿਉਂ ਹਾਂ ?ਮੈਂ ਇਸ ਸਕੂਲ ਵਿਚ ਕਿਉਂ ਪੜ੍ਹਦਾ ਹਾਂ ?ਮੇਰੇ ਕੋਲ ਵਧੀਆ ਕੱਪੜੇ ਕਿਉਂ ਨਹੀਂ ?ਸਾਡਾ ਘਰ ਗੰਦੇ ਇਲਾਕੇ ਵਿਚ ਕਿਉਂ ਹੈ ?ਸਕੂਲ ਵਿਚ ਬੱਚੇ ਅਤੇ ਅਧਿਆਪਕ ਮੇਰੇ ਨਾਲ ਭੇਦ-ਭਾਵ ਕਿਉਂ ਕਰਦੇ ਨੇ ?ਇਹ ਸੂਚੀ ਜਿੰਨੀ ਮਰਜ਼ੀ ਵੱਡੀ ਕੀਤੀ ਜਾ ਸਕਦੀ ਹੈ।ਦਿੱਕਤ ਹੈ ਕਿ ਬੱਚੇ ਦੀ ਇਹ ਸਹਿਜ ਅਵਸਥਾ ਹੈ ਜਦੋਂ ਉਹ ਆਪਣੀ ਜਿਗਿਆਸਾ ਪੂਰੀ ਕਰਨਾ ਚਾਹੁੰਦਾ ਹੈ ਤੇ ਉਸ ਨੂੰ ਰੋਕਿਆ, ਵਰਜਿਆ ਜਾ ਰਿਹਾ ਹੁੰਦਾ ਹੈ ਤੇ ਨਿਰਉਤਸ਼ਾਹਿਤ ਕੀਤਾ ਜਾਂਦਾ ਹੈ। ਪਹਿਲਾਂ ਤਾਂ ਸਵਾਲ ਬੇਚੈਨ ਕਰਦੇ ਨੇ ਤੇ ਫਿਰ ਸਵਾਲਾਂ ਦੇ ਜਵਾਬ ਨਾ ਮਿਲਣਾ, ਇਸ ਬੇਚੈਨੀ ਨੂੰ ਹੋਰ ਵਧਾ ਦਿੰਦਾ ਹੈ।



ਇਸ ਤਰ੍ਹਾਂ ਦੇ ਸਵਾਲਾਂ ਨੂੰ ਲੈ ਕੇ, ਮਨੁੱਖੀ ਵਿਕਾਸ ਦਾ ਇਹ ਪੜਾਅ ਨਵਾਂ ਨਹੀਂ ਹੈ।ਇਹ ਕੁਦਰਤ ਵੱਲੋਂ ਮਨੁੱਖ ਦੀ ਹੋਂਦ ਤੋਂ ਜੁੜਿਆ ਹੈ ਤੇ ਇਸ ਦੀ ਤੀਬਰਤਾ ਵਧਦੀ ਹੈ, ਸਮਾਜਿਕ ਤਬਦੀਲੀ ਨਾਲ।

ਕੋਈ ਕਹਿ ਸਕਦਾ ਹੈ, ਪਹਿਲਾਂ ਨੌਜਵਾਨਾਂ ਦਾ ਵਿਕਾਸ ਬਿਨਾਂ ਕਿਸੇ ਅੜਚਨ ਜਾਂ ਸਮੱਸਿਆ ਤੋਂ ਲੰਘ ਜਾਂਦਾ ਸੀ, ਹੁਣ ਕੀ ?ਜੇਕਰ ਮੁਖਤਸਰ ਸ਼ਬਦਾਂ ਵਿਚ ਕਹੀਏ ਤਾਂ ਪਰਵਾਰ ਵੱਡੇ ਸੀ, ਕੰਮ ਸਾਂਝੇ ਸੀ, ਵਿਆਹ ਛੇਤੀ ਹੋ ਜਾਂਦਾ ਸੀ ।ਲਾਲਸਾਵਾਂ ਕਹਿ ਲਓ, ਰੋਜ਼ਗਾਰ ਲਈ ਭੱਜ-ਨੱਠ ਨਹੀਂ ਸੀ, ਪੜ੍ਹਾਈ ਦੀ ਉਸ ਤਰ੍ਹਾਂ ਦੀ ਅਹਿਮੀਅਤ ਨਹੀਂ ਸੀ, ਜਿਸ ਤਰ੍ਹਾਂ ਦੀ ਅੱਜ ਹੈ।ਸੰਚਾਰ ਦੇ ਸਾਧਨ ਬਹੁਤ ਹੀ ਸੀਮਤ ਸਨ।ਇਸ ਤਰ੍ਹਾਂ ਉਮਰ ਦੀ ਤਬਦੀਲੀ ਵਿਚ ਸਮਾਜ ਦੀ ਤਬਦੀਲੀ ਇਕ ਤੂਫਾਨ ਪੈਦਾ ਕਰਨ ਦਾ ਕੰਮ ਕਰ ਰਹੀ ਹੈ।

ਨੌਜਵਾਨਾਂ ਦੀ ਮਾਨਸਿਕ ਉਲਝਣ ਦਾ ਅਜੋਕਾ ਦ੍ਰਿਸ਼:

ਪਰਵਾਰ ਛੋਟੇ ਹੋਏ ਹਨ।ਇਕ ਜਾਂ ਦੋ ਬੱਚੇ ਹਨ।ਮਾਂ-ਪਿਉ ਦਾ ਸਾਰਾ ਧਿਆਨ ਬੱਚੇ 'ਤੇ ਹੈ।ਉਨ੍ਹਾਂ ਦਾ ਸਾਰਾ ਦਾਅ ਇਨ੍ਹਾਂ 'ਤੇ ਲੱਗਦਾ ਹੈ।ਇਹੀ ਭਵਿੱਖ ਹਨ ਅਤੇ ਇਹੀ ਅੰਤਮ ਸਹਾਰਾ ਹਨ। ਬੱਚੇ ਉੱਪਰ ਪਹਿਲਾ ਜ਼ੋਰ ਪੜ੍ਹਾਈ ਦਾ ਹੈ। ਹਰ ਹੀਲੇ ਨਰਸਰੀ ਤੋਂ ਵੀ ਪਹਿਲਾਂ ਸਕੂਲ ਦੀ ਚੋਣ ਤੇ ਫਿਰ ਪੜ੍ਹਾਈ। ਮਾਤਾ-ਪਿਤਾ ਦੀ ਸਾਰੀ ਜਮ੍ਹਾ-ਪੂੰਜੀ ਬੱਚੇ 'ਤੇ ਲੱਗ ਰਹੀ ਹੈ।ਉਸ ਨੂੰ ਵਾਰੀ-ਵਾਰੀ, ਕੋਈ ਵੱਡਾ ਅਫ਼ਸਰ, ਵੱਡੇ ਓਹਦੇ, ਚੰਗੇ ਪੈਕਜ ਦਾ ਸੁਪਨਾ ਦਿਖਾ ਕੇ ਉਠਾਇਆ-ਸੁਣਾਇਆ ਜਾ ਰਿਹਾ ਹੈ। ਇਸ ਹਾਲਤ ਨੂੰ ਦੇਖਦੇ ਹੋਏ, ਵੱਡੇ-ਵੱਡੇ ਘਰਾਣੇ, ਕਾਰਪੋਰੇਟ, ਰਾਜਸੀ ਆਗੂਆਂ ਨੇ ਸਿੱਖਿਆ ਦੇ ਵਪਾਰ ਵਿਚ ਪੈਰ ਪਸਾਰੇ ਹਨ।ਗਲੀ-ਗਲੀ ਕਾਲਜ ਹੈ ਤੇ ਸ਼ਹਿਰ-ਸ਼ਹਿਰ ਯੂਨੀਵਰਸਿਟੀ। ਸਭ ਮਨਮਰਜ਼ੀ ਦੀ ਖੇਡ ਹੈ।ਸਰਕਾਰ ਦਾ ਕਿਤੇ ਵੀ ਕੋਈ ਦਖ਼ਲ ਨਜ਼ਰ ਨਹੀਂ ਆਉਂਦਾ। ਲੱਖਾਂ ਰੁਪਏ ਦੇ ਕੇ ਦਾਖ਼ਲੇ ਮਿਲਦੇ ਹਨ।

ਨੌਜਵਾਨ ਇਨ੍ਹਾਂ ਚਮਚਮਾਉਂਦੀਆਂ ਇਮਾਰਤਾਂ ਦੀਆਂ ਤਸਵੀਰਾਂ ਵਿਚ ਆਪਣੇ ਚਮਕਦੇ ਭਵਿੱਖ ਦੇਖਦਾ ਪਹੁੰਚਦਾ ਹੈ ਤੇ ਪਹਿਲੇ ਦਿਨ ਹੀ ਪਤਾ ਚਲਦਾ ਹੈ ਕਿ ਇੱਥੇ ਪੂਰੇ ਅਧਿਆਪਕ ਨਹੀਂ ਹਨ, ਇੱਥੇ ਲਾਇਬ੍ਰੇਰੀ ਦੀ ਘਾਟ ਹੈ, ਲਾਇਬ੍ਰੇਰੀ ਬਸ ਨਾਂ ਦੀ ਹੈ।ਇਹ ਪੜ੍ਹਾਈ ਦੀ ਸੰਸਥਾ ਘੱਟ ਤੇ ਡਿਗਰੀਆਂ ਵੰਡਣ ਦੀ ਦੁਕਾਨ ਵੱਧ ਲਗਦੀ ਹੈ।ਨੌਜਵਾਨ ਆਪਣੇ ਮਾਤਾ-ਪਿਤਾ ਨੂੰ ਪਰੇਸ਼ਾਨ ਨਹੀਂ ਕਰਨਾ ਚਾਹੁੰਦਾ। ਉਹ ਫਿਰ ਬਹੁਤ ਸਮਾਂ ਕਲਾਸ ਰੂਮ ਦੀ ਬਜਾਏ ਕੰਟੀਨ ਜਾਂ ਦੋਸਤਾਂ ਨਾਲ ਇਧਰ-ਉਧਰ ਬੈਠ ਕੇ ਗੁਜ਼ਾਰਦਾ ਹੈ। ਉਸ ਦੀ ਮਾਨਸਿਕਤਾ ਵਿਚ ਗੁੰਝਲਾਂ ਪੈਣੀਆਂ ਸ਼ੁਰੂ ਹੁੰਦੀਆਂ ਹਨ।

ਇਸੇ ਦੌਰਾਨ ਹੀ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਲੱਖਾਂ ਰੁਪਏ ਦੇ ਕੋਰਸ ਕਰਨ ਤੋਂ ਬਾਅਦ ਰੁਜ਼ਗਾਰ ਨਹੀਂ ਹੈ ਜਾਂ ਹੈ ਤਾਂ ਉਹ ਕੁਝ ਕੁ ਹਜ਼ਾਰ ਰੁਪਏ ਦਾ।ਉਸ ਨੂੰ ਬੇਰੁਜ਼ਗਾਰਾਂ ਦੀ ਭੀੜ ਵੀ ਦਿੱਸਣ ਲੱਗਦੀ ਹੈ। ਸਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਉਮਰ ਸੁਪਨੇ ਦੇਖਣ ਦੀ ਹੈ ਤੇ ਸੁਪਨੇ ਪੂਰੇ ਕਰਨ ਦੀ ਵੀ।ਇਸ ਉਮਰੇ ਜੋ ਅਸੀਂ ਇਨ੍ਹਾਂ ਨੂੰ ਹੋਸ਼ ਨਹੀਂ ਤੇ ਜੋਸ਼ ਹੀ ਜੋਸ਼ ਹੈ ਨਾਲ ਸੰਬੋਧਿਤ ਕਰਦੇ ਹਾਂ ਤਾਂ ਅਸੀਂ ਭੁੱਲ ਕਰਦੇ ਹਾਂ ਕਿ ਹੋਸ਼ ਵੀ ਹੈ ਤੇ ਇਹ ਹੋਸ਼ ਜਦੋਂ ਆਲੇ-ਦੁਆਲੇ ਅਜਿਹੀਆਂ ਬੇਤਰਤੀਬੀਆਂ ਦੇਖਦੇ ਹਾਂ ਤਾਂ ਹੋਸ਼ ਗੁੰਮ ਹੋ ਜਾਂਦੀ ਹੈ ਤੇ ਜੋਸ਼ ਭਾਰੂ। ਮਨੋਵਿਗਿਆਨ ਦਾ ਅਧਿਐਨ ਦੱਸਦਾ ਹੈ ਕਿ ਇਸ ਉਮਰ ਦੀਆਂ ਦੋ ਖਾਮੀਆਂ ਮੁੱਖ ਹਨ।ਪਹਿਲੀ, ਨਵੀਂ ਸੋਚ ਅਤੇ ਦੂਜੀ, ਕੁਝ ਕਰ ਦਿਖਾਉਣ ਦੀ ਚਾਹ।ਜੇਕਰ ਅਸੀਂ ਮਨੁੱਖੀ ਵਿਕਾਸ ਅਤੇ ਇਸ ਦੌਰਾਨ ਹੋਈਆਂ ਪ੍ਰਾਪਤੀਆਂ 'ਤੇ ਨਜ਼ਰ ਮਾਰੀਏ ਤਾਂ ਇਹ ਬਹੁਗਿਣਤੀ ਖੋਜਾਂ ਅਤੇ ਕਾਰਜ ਇਸੇ ਉਮਰ ਨੇ ਹੀ ਕੀਤੇ ਹਨ। ਵਿਗਿਆਨ ਅਤੇ ਫ਼ਲਸਫ਼ੇ ਵਿਚ ਵੀ।ਪਰ ਨਵੀ ਸੋਚ ਉਦੋਂ ਹੀ ਪ੍ਰਫੁਲਿਤ ਹੁੰਦੀ ਹੈ ਜਦੋਂ ਉਸ ਨੂੰ ਜ਼ਮੀਨ 'ਤੇ ਕੋਈ ਰੂਪ ਦੇਣ ਦਾ ਮੌਕਾ ਮਿਲੇ, ਮਾਹੌਲ ਮਿਲੇ।ਜਦੋਂ ਕਿ ਅਸੀਂ ਦੇਖਦੇ ਹਾਂ ਕਿ ਅੱਜ ਕਹਿਣ ਨੂੰ ਵਿਕਾਸ ਦੀ ਰਫ਼ਤਾਰ ਸਿਖਰਾਂ 'ਤੇ ਹੈ ਤੇ ਨੌਜਵਾਨਾਂ ਵਿਚ ਬੇਚੈਨੀ ਅਤੇ ਅਸੁਰੱਖਿਆ ਦੀ ਭਾਵਨਾ ਵੱਧ ਹੈ।ਇਸ ਹਾਲਤ ਦੇ ਜ਼ਿੰਮੇਵਾਰ ਵੀ ਮਾਤਾ-ਪਿਤਾ ਅਤੇ ਅਧਿਆਪਕ ਹਨ, ਜੋ ਹਰ ਵੇਲੇ ਨੌਜਵਾਨਾਂ ਨੂੰ ਅਸੁਰੱਖਿਆ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ। ਪੜ੍ਹਾਈ ਉਹ ਵੀ 'ਰੱਟਾ ਨੁਮਾ' ਅਤੇ ਉਸੇ 'ਤੇ ਆਧਾਰਿਤ ਇਮਤਿਹਾਨ ਅਤੇ ਕਾਲਜਾਂ/ਨੌਕਰੀਆਂ ਲਈ ਸਿਲੇਕਸ਼ਨ। ਇਸ ਵਿਚ ਅਸੁਰੱਖਿਆ ਮਾਪਿਆਂ ਦੀ ਆਪਣੀ ਹੈ ਜਿਨ੍ਹਾਂ ਨੂੰ ਆਪਣੇ ਭਵਿੱਖ ਅਤੇ ਲਾਏ ਗਏ ਪੈਸੇ ਦੀ ਚਿੰਤਾ ਹੈ ਕਿ ਬੱਚਾ ਸੈੱਟ ਨਹੀਂ ਹੋ ਰਿਹਾ। ਇਹ ਚਿੰਤਾ ਵੀ ਵਾਜ਼ਬ ਹੈ ਪਰ ਅੰਤ ਨਿਕਲਦਾ ਕੀ ਹੈ- ਬੇਚੈਨ, ਪ੍ਰੇਸ਼ਾਨ ਨੌਜਵਾਨ ਜੋ ਕਿ ਇਸ ਉਮਰ ਦੀਆਂ ਖਾਸੀਅਤਾਂ ਨੂੰ ਕੁਝ ਕਰ ਕੇ ਦਿਖਾਉਣ ਦੀ ਭਾਵਨਾ ਹੇਠ, ਨਸ਼ੇ ਵਿਚ ਜਾਂ ਅਜਿਹੀਆਂ ਹੋਰ ਗ਼ੈਰ-ਉਸਾਰੂ ਸਰਗਰਮੀਆਂ ਵਿਚ ਪ੍ਰਗਟਾਉਂਦਾ ਹੈ। ਪੜ੍ਹਾਈ ਵਿਚ ਵੀ ਸਮਾਂ ਨਹੀਂ ਲੰਘ ਰਿਹਾ, ਰੁਜ਼ਗਾਰ ਹੈ ਨਹੀਂ ਜਾਂ ਸੰਤੁਸ਼ਟੀ ਵਾਲਾ ਨਹੀਂ ਹੈ।ਨਸ਼ੇ ਦੇ ਵਪਾਰੀ ਇਸ ਮਾਹੌਲ ਨੂੰ ਤੱਕ ਰਹੇ ਹੁੰਦੇ ਹਨ ਤੇ ਫਿਰ ਉਹ ਇਨ੍ਹਾਂ ਨੌਜਵਾਨਾਂ ਵਿਚ ਆਣ ਵੜ੍ਹਦੇ ਹਨ।ਪਹਿਲਾਂ ਸਵਾਦ ਦਿਖਾਉਂਦੇ ਹਨ। ਜਵਾਨੀ ਦੀ ਉਸ ਭਾਵਨਾ ਨੂੰ ਉਕਸਾਉਂਦੇ ਹਨ- ÷ਕਰ ਕੇ ਦੇਖ ਤਜ਼ਰਬਾ ਕਰਨ ਵਿਚ ਕੀ ਹਰਜ਼ ਹੈ ?ਹੁਣ ਨਹੀਂ ਕਰੇਂਗਾ, ਫਿਰ ਕਦੋਂ ਕਰੇਂਗਾ।÷ ਇਸ ਤਰ੍ਹਾਂ ਇਹ ਵੰਗਾਰ ਉਸ ਨੌਜਵਾਨ ਨੂੰ ਕਬੂਲਣੀ ਪੈਂਦੀ ਹੈ ਤੇ ਉਹ ਫਸ ਜਾਂਦਾ ਹੈ ਤੇ ਫਿਰ ਉਸ ਦੀ ਲੋੜ, ਨਸ਼ਾ ਵੇਚਣ ਦੇ ਰਾਹ ਪਾਉਂਦੀ ਹੈ ਤੇ ਨਸ਼ਾ ਵੇਚਣ ਵਾਲਾ ਅਸਲੀ ਸੌਦਾਗਰ ਆਪਣੇ ਘਰੇ ਬੈਠਾ ਖੁਸ਼ ਹੋ ਰਿਹਾ ਹੁੰਦਾ ਹੈ।ਸਮਾਜ ਵਿਚ ਕਿਸੇ ਆਦਰਸ਼, ਕਿਸੇ ਰੋਲ-ਮਾਡਲ ਦੀ ਘਾਟ: ਹਰ ਇਕ ਸ਼ਖ਼ਸ ਨੂੰ ਇਕ ਰੋਲ-ਮਾਡਲ ਦੀ ਲੋੜ ਹੁੰਦੀ ਹੈ, ਜਿਸ ਵਰਗਾ ਉਹ ਬਣਨਾ ਚਾਹੁੰਦਾ ਹੈ। ਜਿਸ ਦੀਆਂ ਪੈੜਾਂ 'ਤੇ ਤੁਰ ਕੇ ਉਹ ਕੁਝ ਹਾਸਲ ਕਰਨਾ ਚਾਹੁੰਦਾ ਹੈ। ਉਹ ਮਾਤਾ-ਪਿਤਾ ਹੋ ਸਕਦੇ ਹਨ ਜਾਂ ਦੂਸਰਾ ਅਧਿਆਪਕ ਜਾਂ ਸਮਾਜਿਕ-ਧਾਰਮਿਕ ਆਗੂ ਹੋ ਸਕਦੇ ਨੇ ਜਾਂ ਇਤਿਹਾਸ ਦੇ ਬੁਲੰਦ ਨਾਇਕ ਵੀ।ਕੋਈ ਵੀ ਸ਼ਖ਼ਸ ਵਿਸ਼ੇਸ਼ ਕਰਕੇ ਕਿਸ਼ੋਰ, ਨੌਜਵਾਨ ਜਦੋਂ ਆਪਣੇ ਪ੍ਰਤੀ ਸੁਚੇਤ ਹੁੰਦੇ ਹਨ ਤਾਂ ਸਮਾਜ ਦੇ ਅਜਿਹੇ ਕਿਰਦਾਰਾਂ ਤੋਂ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਗੁਣ ਹਨ ਕਿ ਉਹ ਸ਼ਖ਼ਸੀਅਤ ਈਮਾਨਦਾਰ ਹੋਵੇ, ਮਿਹਨਤੀ ਹੋਵੇ, ਪਰਵਾਹ ਕਰਨ ਵਾਲੀ, ਵੰਡ ਕੇ ਖਾਣ-ਪੀਣ ਵਾਲੀ ਹੋਵੇ, ਮਦਦਗਾਰ ਹੋਵੇ ਆਦਿ। ਪਰ ਅੱਜ ਜਦੋਂ ਨੌਜਵਾਨਾਂ ਨਾਲ ਗੱਲ ਕਰੋ ਤਾਂ ਤਕਰੀਬਨ ਇਕ ਚੌਥਾਈ ਨੌਜਵਾਨ ਕਹਿੰਦੇ ਹਨ ਕਿ ਉਨ੍ਹਾਂ ਦਾ ਕੋਈ ਰੋਲ ਮਾਡਲ ਨਹੀਂ ਹੈ। ਮਾਂ-ਪਿਉ ਵੀ ਨਹੀਂ। ਇਹ ਸੂਚਕ ਹੈ ਕਿ ਸਮਾਜ ਵਿਚ ਹੌਲੀ-ਹੌਲੀ ਅਜਿਹੇ ਕਿਰਦਾਰਾਂ ਦੀ ਗਿਣਤੀ ਘੱਟ ਹੈ, ਜਿਨ੍ਹਾਂ ਵਿਚ ਕੁਝ ਸਦੀਵੀ-ਮਨੁੱਖੀ ਗੁਣ ਹੋਣ।ਇਹ ਕੋਈ ਸਧਾਰਨ ਵਰਤਾਰਾ ਨਹੀਂ ਹੈ, ਇਕ ਖ਼ਤਰਨਾਕ ਵਰਤਾਰਾ ਹੈ ਕਿ ਸਾਡੇ ਨੌਜਵਾਨਾਂ ਨੂੰ ਆਪਣੇ ਆਲੇ-ਦੁਆਲੇ ਕੋਈ ਰੋਲ-ਮਾਡਲ ਹੀ ਨਜ਼ਰ ਨਹੀਂ ਆ ਰਿਹਾ।

ਮਾਤਾ-ਪਿਤਾ, ਅਧਿਆਪਕ ਅਤੇ ਨੌਜਵਾਨਾਂ ਦੀ ਸ਼ਖ਼ਸੀਅਤ ਉਸਾਰੀ:

ਨਸ਼ਿਆਂ ਦੀ ਵਰਤੋਂ ਦੇ ਪੱਖ ਤੋਂ ਇਕ ਪਹਿਲੂ ਹੈ ਕਿ ਨਸ਼ਾ ਕਰਨ ਵਾਲੇ ਨੌਜਵਾਨ ਦੀ ਸ਼ਖ਼ਸੀਅਤ ਕਮਜ਼ੋਰ ਹੁੰਦੀ ਹੈ, ਜੋ ਨਸ਼ਿਆਂ ਵੱਲ ਛੇਤੀ ਝੁੱਕ ਜਾਂਦਾ ਹੈ।ਜਦੋਂ ਕਿ ਉਸ ਦੇ ਕੁਝ ਸਾਥੀ ਇਸ ਤਰ੍ਹਾਂ ਦੀ ਹਾਲਤ ਤੋਂ ਬਚੇ ਰਹਿੰਦੇ ਹਨ।ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸ਼ਖ਼ਸੀਅਤ ਦੀ ਇਕ ਅਹਿਮ ਭੂਮਿਕਾ ਹੈ, ਪਰ ਨੌਜਵਾਨਾਂ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਉਣ ਦੀ ਥਾਂ, ਆਪਣੇ ਆਪ ਨੂੰ ਮੁਖਾਤਿਬ ਹੋਣ ਦੀ ਲੋੜ ਹੈ ਕਿ ਸਮਾਜ-ਪਰਵਾਰ ਵਿਚ ਰੋਲ ਮਾਡਲ ਨਹੀਂ ਹਨ।ਮਾਤਾ-ਪਿਤਾ ਅਤੇ ਅਧਿਆਪਕਾਂ ਦੇ ਆਪਣੇ ਕਿਰਦਾਰ ਹੀ ਕਮਜ਼ੋਰ ਹਨ। ਦੂਸਰਾ, ਉਨ੍ਹਾਂ ਨੂੰ ਨੌਜਵਾਨਾਂ ਦੀਆਂ ਸਮਾਜੀ ਮਨੋਵਿਗਿਆਨਕ ਲੋੜਾਂ ਦਾ ਵੀ ਪਤਾ ਨਹੀਂ ਹੈ ਤੇ ਇਕ ਪਰੰਪਰਕ ਪਰਵਰਿਸ਼ ਤਹਿਤ ਮਾਤਾ-ਪਿਤਾ ਡਰਾਉਣੀ ਦਿੱਖ ਵਾਲੇ ਹਨ ਤੇ ਅਧਿਆਪਕ ਡੰਡਾਧਾਰੀ।ਸਜ਼ਾ ਹੀ ਇੱਕੋ-ਇਕ ਤਰੀਕਾ ਹੈ ਬੱਚਿਆਂ ਨੂੰ ਸਹੀ ਕਾਇਦੇ 'ਤੇ ਲਿਆਉਣ ਦਾ।ਜਦੋਂ ਕਿ ਅਧਿਐਨ ਕਹਿੰਦੇ ਹਨ ਕਿ ਆਪਣੀ ਦੋਸਤੀ-ਨੁਮਾ ਸੰਵਾਦ ਹੀ ਸਭ ਤੋਂ ਵਧੀਆ ਤਰੀਕਾ ਹੈ।ਸੰਵਾਦ ਅਤੇ ਉੱਥੇ ਵੀ ਖੁੱਲ ਕੇ ਗੱਲ ਕਹਿਣ ਅਤੇ ਸੁਣਨ ਦਾ ਵਾਤਾਵਰਨ ਜੋ ਕਿ ਸਾਡੀ ਭਾਰਤੀ ਪਰੰਪਰਾ ਦਾ ਹਿੱਸਾ ਨਹੀਂ ਬਣ ਸਕਿਆ ਹੈ।

ਦੇਸ਼ ਦਾ ਰਾਜਸੀ ਮਾਹੌਲ: ਸਿੱਖਿਆ ਅਤੇ ਰੁਜ਼ਗਾਰ ਦੀ ਗੱਲ ਕੀਤੀ ਹੈ ਜੋਕਿ ਇਕ ਵਧੀਆ ਸੇਧ ਅਤੇ ਰੁਝੇਵਾਂ ਦੇਣ ਵਾਲੇ ਹੁੰਦੇ ਹਨ ਤੇ ਮਨੁੱਖੀ ਮਾਨਸਿਕਤਾ ਨੂੰ ਤਾਕਤ ਬਖ਼ਸ਼ਦੇ ਹਨ।ਇਹ ਕੰਮ ਸਰਕਾਰਾਂ ਦੇ ਹੁੰਦੇ ਹਨ, ਰਾਜਸੀ ਫੈਸਲਿਆਂ ਤਹਿਤ ਹੁੰਦੇ ਹਨ। ਰਾਜਸੀ ਆਗੂਆਂ ਨੇ ਦੇਸ਼ ਦੇ ਲੋਕਾਂ ਦੇ ਵਿਕਾਸ ਲਈ ਨੀਤੀਆਂ ਬਣਾਉਣੀਆਂ ਹੁੰਦੀਆਂ ਹਨ ਤੇ ਅਸੀਂ ਦੇਖ ਸਕਦੇ ਹਾਂ ਕਿ ਨੌਜਵਾਨਾਂ ਨੂੰ ਲੈ ਕੇ, ਦੇਸ਼ ਜਾਂ ਰਾਜ ਵਿਚ ਕੋਈ ਠੋਸ ਨੀਤੀ ਨਹੀਂ ਹੈ ਕਿ ਕਿਵੇਂ ਇਸ ਉੱਪਰ ਦੀਆਂ ਸਮੱਸਿਆਵਾਂ ਨਾਲ ਨਜਿੱਠਣਾ ਹੈ।ਮਾਨਸਿਕਤਾ ਕਿਸੇ ਵੀ ਉਮਰ 'ਤੇ ਇਕ ਚਾਲਕ ਸ਼ਕਤੀ ਹੁੰਦੀ ਹੈ।

ਜੇਕਰ ਮਨ ਦੇ ਅੰਦਰ ਵਧੀਆ, ਅਗਾਂਹਵਧੂ, ਉਸਾਰੂ ਤਰੰਗਾਂ ਹੋਣ ਤਾਂ ਇਹ ਕਿੰਨੇ ਹੀ ਕਰਤਬ ਕਰ ਸਕਦੀ ਹੈ ਤੇ ਜੇਕਰ ਇਸ ਵਿਚ ਬੇਚੈਨ-ਪ੍ਰੇਸ਼ਾਨ ਤਰੰਗਾਂ ਹੋਣ ਤਾਂ ਨਤੀਜਾ ਉਦਾਸੀਆਂ ਤੇ ਨਿਰਾਸ਼ਾ ਵਿਚ ਨਿਕਲਦਾ ਹੈ ਗ਼ੁਰਬਾਣੀ ਦਾ ਵਾਕ— ਮਨਿ ਜੀਤੈ ਜਗੁ ਜੀਤੁ ਇੱਥੇ ਬਿਲਕੁਲ ਢੁਕਵਾਂ ਹੋਵੇਗਾ ਕਿ ਜੇਕਰ ਅਸੀਂ ਆਪਣੇ ਮਨ ਨੂੰ, ਮਾਨਸਿਕਤਾ ਨੂੰ ਅਤੇ ਆਪਣੀ ਜ਼ਿੰਦਗੀ ਦੇ ਪ੍ਰਵਾਹ ਨੂੰ ਸਮਝ ਲਈਏ, ਜਿੱਤ ਲਈ ਤਾਂ ਕੁਝ ਵੀ ਔਖਾ ਨਹੀਂ ਹੈ।ਪਰ ਇਹ ਕਿਸੇ ਨੂੰ ਕਹਿਣਾ ਜਿੰਨਾ ਸੌਖਾ ਅਤੇ ਸਹਿਜ ਹੈ, ਓਨਾ ਇਸ ਦਾ ਕਾਰਜ ਰੂਪ ਔਖਾ ਹੈ।ਮਨ ਨੂੰ ਜਿੱਤਣ ਦੀ ਕਲਾ ਸਿੱਖਣੀ ਪੈਂਦੀ ਹੈ।ਇਹ ਸਮਰਥਾ ਸਾਡੇ ਨੌਜਵਾਨਾਂ ਵਿਚ ਹੈ ਕਿ ਉਹ ਬਹੁਤ ਕੁਝ ਸਿੱਖ ਸਕਦੇ ਹਨ, ਪਰ ਸਿਖਾਉਣ ਵਾਲੇ ਕੌਣ ਹਨ ?ਕੀ ਉਹ ਆਪਣਾ ਫ਼ਰਜ਼ ਨਿਭਾ ਰਹੇ ਹਨ ਜਾਂ ਜੇਕਰ ਉਹ ਦਾਅਵਾ ਕਰਦੇ ਹਨ ਤਾਂਹੀ ਸਚਮੁੱਚ ਉਨ੍ਹਾਂ ਦੀ ਸਿਖਲਾਈ ਕਾਰਗਰ ਹੈ, ਪ੍ਰਭਾਵਸ਼ਾਲੀ ਹੈ। ਜੇਕਰ ਨਹੀਂ ਹੈ ਤੇ ਕੋਈ ਅਸਰ ਨਜ਼ਰ ਨਹੀਂ ਆ ਰਿਹਾ ਤਾਂ ਉਨ੍ਹਾਂ ਨੂੰ ਖ਼ੁਦ ਨੂੰ ਵੀ ਸਵਾਲਾਂ ਦੇ ਘੇਰੇ ਵਿਚ ਲੈ ਕੇ, ਆਤਮ-ਵਿਸ਼ਲੇਸ਼ਣ ਕਰਨ ਦੀ ਲੋੜ ਹੈ।

-ਡਾ. ਸ਼ਿਆਮ ਸੁੰਦਰ ਦੀਪਤੀ